ੴ ਵਾਹਿਗੁਰੂ ਜੀ ਕੀ ਫ਼ਤਹ॥

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦਾ

ਮਾਸਿਕ ਪੱਤਰ

# ਗੁਰਦੁਆਰਾ ਗਜ਼ਟ

ਫੱਗਣ — ਨਾਨਕਸ਼ਾਹੀ ਸੰਮਤ ੫੫੦
ਅੰਕ ੨ — ਜਿਲਦ ੯੫
ਫਰਵਰੀ — ੨੦੧੯

ਸੰਪਾਦਕ — ਦਿਲਜੀਤ ਸਿੰਘ 'ਬੇਦੀ'

**ਸਹਾਇਤਾ**

| ਦੇਸ਼ | ਵਿਦੇਸ਼ |
|---|---|
| ਸਾਲਾਨਾ ੨੦/- | ਸਾਲਾਨਾ ੫੦੦/- |
| ਲਾਈਫ਼ ੨੦੦/- | (ਹਵਾਈ ਡਾਕ) |



***Website : www.sgpc.net***
***E-mail : gurdwaragazette@gmail.com***
***info@sgpc.net***
***Phone: 0183-255 3956-60, Ext. 254***


## *ਜ਼ਰੂਰੀ ਬੇਨਤੀ*

ਸੰਗਤਾਂ ਦੀ ਸਹੂਲਤ ਨੂੰ ਮੁੱਖ-ਰਖਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਬਿਰਧ ਸਰੂਪਾਂ ਦੀ ਸਾਂਭ-ਸੰਭਾਲ 'ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ', ਗੁਰਦੁਆਰਾ ਸ੍ਰੀ ਰਾਮਸਰ ਸਾਹਿਬ (ਨਜ਼ਦੀਕ ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ 'ਸ਼ਹੀਦ') ਵਿਖੇ ਕਰਨ ਦਾ ਫ਼ੈਸਲਾ ਕੀਤਾ ਹੈ। ਪਾਵਨ ਬਿਰਧ ਸਰੂਪ ਲੈ ਕੇ ਆਈਆਂ ਸੰਗਤਾਂ ਇਥੋਂ ਹੀ ਪਾਵਨ ਸਰੂਪ ਵੀ ਪ੍ਰਾਪਤ ਕਰ ਸਕਦੀਆਂ ਹਨ। ਸੋ ਸਮੂਹ ਸੰਗਤਾਂ ਦੀ ਸੇਵਾ ਵਿਚ ਬਿਨੈ ਹੈ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਬਿਰਧ ਸਰੂਪ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ ਲਿਆਉਣ ਦੀ ਕ੍ਰਿਪਾਲਤਾ ਕਰਨ।

ਗੁਰੂ-ਪੰਥ ਦਾ ਦਾਸ,
ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

---


ਕੇਂਦਰੀ ਲਾਇਬ੍ਰੇਰੀ ਕਮੇਟੀ ਅਤੇ ਸੰਚਾਲਕ ਲੋਕ ਸੰਪਰਕ ਵਿਭਾਗ ਚੰਡੀਗੜ੍ਹ ਦੀ ਚਿੱਠੀ ਨੰ: ਲ. ਸ. ਵ. (ਲਾਇਬ)-੬੮/੧੦੨੫੯ ਮਿਤੀ ੨੦-੬-੬੭ ਰਾਹੀਂ ਸਰਕਾਰੀ ਲਾਇਬ੍ਰੇਰੀਆਂ ਲਈ ਪ੍ਰਵਾਨ ਹੈ।

ਗੋਲਡਨ ਆਫਸੈੱਟ ਪ੍ਰੈੱਸ, ਗੁਰਦੁਆਰਾ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ **ਦਿਲਜੀਤ ਸਿੰਘ** ਪ੍ਰਿੰਟਰ ਤੇ ਪਬਲਿਸ਼ਰ ਨੇ ਛਪਵਾ ਕੇ ਦਫ਼ਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਤੋਂ ਜਾਰੀ ਕੀਤਾ।

***ਪ੍ਰਤੀ ਕਾਪੀ 2/-ਰੁਪਏ***


## ਲੇਖ ਸੂਚੀ


| *ਲੇਖ* | *ਪੰਨਾ* |
|---|---|
| ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, | |
| ਸ੍ਰੀ ਅੰਮ੍ਰਿਤਸਰ ਦੀ ਪਵਿੱਤਰ ਮਰਯਾਦਾ | ੪ |
| ਇਤਿਹਾਸਕ ਦਿਹਾੜੇ | ੫ |
| ਗੁਰਬਾਣੀ ਵਿਚਾਰ | ੭ |
| ਸੰਪਾਦਕੀ | ੮ |
| ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ....... | |
| *-ਬੀਬੀ ਪ੍ਰਕਾਸ਼ ਕੌਰ* | *੧੦* |
| ਸ੍ਰੀ ਗੁਰੂ ਗ੍ਰੰਥ ਸਾਹਿਬ-ਸਿਧਾਂਤਕ ਵਿਚਾਰਧਾਰਾ | |
| *-ਪ੍ਰੋ. ਪਿਆਰਾ ਸਿੰਘ ਪਦਮ* | *੧੨* |
| ਗੁਰਦੁਆਰਾ ਸੁਧਾਰ ਲਹਿਰ..... | |
| *-ਸ. ਕਿਰਪਾਲ ਸਿੰਘ* | *੧੫* |
| ਸ੍ਰੀ ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ | |
| *-ਡਾ. ਗੁਰਚਰਨ ਸਿੰਘ* | *੧੮* |
| ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦ.... | |
| *-ਦਿਲਜੀਤ ਸਿੰਘ 'ਬੇਦੀ'* | *੨੮* |
| *ਖਾਲਸੇ ਦੀ ਚੜ੍ਹਦੀ ਕਲਾ ਦਾ ਪ੍ਰਤੀਕ: ਹੋਲਾ ਮਹੱਲਾ* | |
| *-ਡਾ. ਅਮਰਜੀਤ ਕੌਰ* | *੩੦* |
| *ਕਵਿਤਾ* | *੩੨* |
| ਖ਼ਬਰਨਾਮਾ | ੩੪ |
| ਧਰਮ ਪ੍ਰਚਾਰ ਸਰਗਰਮੀਆਂ | ੫੭ |
| ਹਿਸਾਬ-ਕਿਤਾਬ | ੬੦ |
| ***English Section*** | |
| Historical Events | 81 |
| Sri Guru Gobind Singh Ji | |
| *- S. Surjit Singh 'Gandhi'* | 83 |

ੴ ਸਤਿਗੁਰ ਪ੍ਰਸਾਦਿ॥

# ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਦੀ ਪਵਿੱਤਰ ਮਰਯਾਦਾ

## (ਮਹੀਨਾ ਫੱਗਣ)

| | |
|---|---|
| * ਕਿਵਾੜ ਖੁੱਲ੍ਹਣ ਦਾ ਸਮਾਂ | ੨-੪੫ ਵਜੇ ਅੰਮ੍ਰਿਤ ਵੇਲੇ |
| * ਕੀਰਤਨ ਆਰੰਭ | ੨-੪੫ ਵਜੇ ਅੰਮ੍ਰਿਤ ਵੇਲੇ |
| * ਆਸਾ ਦੀ ਵਾਰ ਦਾ ਕੀਰਤਨ ਆਰੰਭ | ੩-੪੫ ਵਜੇ ਸਵੇਰੇ |
| * ਪਾਲਕੀ ਸਾਹਿਬ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਚੱਲਣ ਦਾ ਸਮਾਂ | ੪-੪੫ ਵਜੇ ਸਵੇਰੇ |
| * ਪਹਿਲਾ ਹੁਕਮਨਾਮਾ | ੫-੧੫ ਵਜੇ ਸਵੇਰੇ |
| * ਪਹਿਲੀ ਅਰਦਾਸ | ੫-੪੫ ਵਜੇ ਸਵੇਰੇ |
| * ਆਸਾ ਦੀ ਵਾਰ ਦੀ ਸਮਾਪਤੀ | ੬-੪੫ ਵਜੇ ਸਵੇਰੇ |
| * ਦੂਸਰੀ ਅਰਦਾਸ ਤੇ ਹੁਕਮਨਾਮਾ | ੬-੪੫ ਤੋਂ ੭-੦੦ ਵਜੇ ਸਵੇਰੇ |
| * ਸ਼ਾਮ ਨੂੰ ਸੋਦਰੁ, ਰਹਰਾਸਿ ਸਾਹਿਬ ਦਾ ਪਾਠ ਸੂਰਜ ਛਿਪਣ ਉਪਰੰਤ ਸ਼ੁਰੂ ਹੁੰਦਾ ਹੈ। | |
| * ਹੁਕਮਨਾਮਾ ਰਾਤ ਨੂੰ ਸਮਾਪਤੀ ਸਮੇਂ | ੯-੪੫ ਵਜੇ ਰਾਤ |
| * ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਪਾਲਕੀ ਸਾਹਿਬ ਚੱਲਣ ਦਾ ਸਮਾਂ | ੧੦-੦੦ ਵਜੇ ਰਾਤ |
| * ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪਹੁੰਚਣ ਦਾ ਸਮਾਂ | ੧੦-੧੫ ਵਜੇ ਰਾਤ |

* ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਕਿਵਾੜ ਖੁੱਲ੍ਹਣ ਤੋਂ ਲੈ ਕੇ ਸਮਾਪਤੀ ਤਕ ਅਖੰਡ ਕੀਰਤਨ ਹੁੰਦਾ ਰਹਿੰਦਾ ਹੈ।
* ਰਾਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਜਾਣ ਉਪਰੰਤ ਇਕ ਘੰਟਾ ਸੇਵਾ ਤੇ ਸਫਾਈ ਆਦਿ ਉਪਰੰਤ ਇਸ਼ਨਾਨ ਕਰਾਉਣ ਦੀ ਸੇਵਾ ਸ਼ਰਧਾਲੂ, ਸੇਵਾਦਾਰਾਂ ਦੇ ਸਹਿਯੋਗ ਨਾਲ ਕਰਦੇ ਹਨ।
* ਇਸ਼ਨਾਨ ਸਮੇਂ ਮਿਲ ਕੇ ਪ੍ਰੇਮੀ ਇਸ਼ਨਾਨ ਕਰਾਉਂਦੇ ਹਨ ਅਤੇ ਨਾਲ ਬੜੇ ਹੀ ਪ੍ਰੇਮ ਸਹਿਤ ਰਸ-ਭਿੰਨੀ ਸੁਰ ਵਿਚ ਗੁਰਬਾਣੀ ਦੇ ਸ਼ਬਦ ਗਾਇਨ ਕਰਦੇ ਹਨ। ਇਸ਼ਨਾਨ ਆਦਿ ਦੀ ਸੇਵਾ ਕਰਾਉਣ ਉਪਰੰਤ ਵਿਛਾਈਆਂ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਿੰਘਾਸਨ ਸਜਾ ਕੇ ਅਰਦਾਸ ਹੁੰਦੀ ਹੈ ਤੇ ਕੜਾਹ ਪ੍ਰਸ਼ਾਦਿ ਦੀ ਦੇਗ ਵਰਤਦੀ ਹੈ।
* ਫਿਰ ਤਿੰਨ-ਪਹਿਰੇ ਦੀ ਚੌਂਕੀ ਦਾ ਕੀਰਤਨ ਆਰੰਭ ਹੁੰਦਾ ਹੈ।
* ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਵਿਚਕਾਰਲੀ ਛੱਤ ਅਤੇ ਗੁੰਬਦ ਵਿਚ ਹਰ ਵਕਤ ਅਖੰਡ ਪਾਠ ਸਾਹਿਬ ਚੱਲਦੇ ਹਨ, ਜਿਨ੍ਹਾਂ ਦਾ ਵਾਰੀ ਨਾਲ ਰੋਜ਼ਾਨਾ ਇਕ ਅਖੰਡ ਪਾਠ ਸਾਹਿਬ ਦਾ ਭੋਗ ਪੈਂਦਾ ਹੈ।

*ਪਾਠਕ/ਲੇਖਕ 'ਗੁਰਦੁਆਰਾ ਗਜ਼ਟ' ਲਈ ਰਚਨਾਵਾਂ, ਸਹਾਇਤਾ ਅਤੇ ਸੁਝਾਅ ਹੇਠ ਲਿਖੇ ਪਤੇ 'ਤੇ ਭੇਜਣ ਦੀ ਕ੍ਰਿਪਾਲਤਾ ਕਰਨ :*

*ਸਕੱਤਰ,*
*ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ-੧੪੩੦੦੬*
*ਫੋਨ : ੦੦੯੧-੧੮੩-੨੫੫੩੯੫੭,੫੮,੫੯*

# ੧੬ ਫਰਵਰੀ ਤੋਂ ੧੫ ਮਾਰਚ ਵਿਚਲੇ ਇਤਿਹਾਸਕ ਦਿਹਾੜੇ

| | | |
|---|---|---|
| ੧੬ ਫਰਵਰੀ | | ਗੁਰਦੁਆਰਿਆਂ ਦੇ ਪ੍ਰਬੰਧ ਸਬੰਧੀ ਕਾਨੂੰਨੀ ਖਰੜਾ ਬਣਾਉਣ ਲਈ ਅੰਗਰੇਜ਼ੀ ਸਰਕਾਰ ਨੇ ਇਕ ਕਮੇਟੀ ਬਣਾਉਣ ਦਾ ਐਲਾਨ ਕੀਤਾ। (੧੬-੨-੧੯੨੧) |
| ੧੭ ਫਰਵਰੀ | | ਸ੍ਰੀ ਮੁਕਤਸਰ ਸਾਹਿਬ ਦੇ ਗੁਰਦੁਆਰਿਆਂ ਦਾ ਪ੍ਰਬੰਧ ਸਿੱਖਾਂ ਨੇ ਸੰਭਾਲਿਆ। (੧੭-੨-੧੯੨੩) |
| ੧੮ ਫਰਵਰੀ | | ਗੁਲੇਰ ਦੀ ਜੰਗ ਵਿਚ ਭਾਈ ਲਹਿਣਾ, ਭਾਈ ਸੰਗਤ ਰਾਏ ਤੇ ਭਾਈ ਹਨੂਮੰਤ ਨੇ ਸ਼ਹਾਦਤ ਪ੍ਰਾਪਤ ਕੀਤੀ। (੧੮-੨-੧੬੯੬) |
| ੨੦ ਫਰਵਰੀ | | ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ (ਪਾਕਿਸਤਾਨ) ਵਿਖੇ ਮਹੰਤ ਨਰੈਣੂ ਦੇ ਆਦਮੀਆਂ ਵੱਲੋਂ ਗੋਲੀ ਚਲਾਏ ਜਾਣ 'ਤੇ ੧੫੦ ਦੇ ਕਰੀਬ ਸਿੱਖ ਸ਼ਹੀਦ ਹੋ ਗਏ। ਸ਼ਹੀਦ ਹੋਣ ਵਾਲਿਆਂ ਵਿਚ ਭਾਈ ਲਛਮਣ ਸਿੰਘ ਧਾਰੋਵਾਲੀ, ਭਾਈ ਦਲੀਪ ਸਿੰਘ, ਭਾਈ ਵਰਿਆਮ ਸਿੰਘ ਆਦਿ ਸ਼ਾਮਲ ਸਨ। (੨੦-੨-੧੯੨੧) |
| ੨੧ ਫਰਵਰੀ | (ੳ) | ਸਰਕਾਰ ਨੇ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਦਾ ਪ੍ਰਬੰਧ ਸਿੱਖਾਂ ਨੂੰ ਸੌਂਪ ਦਿੱਤਾ। (੨੧-੨-੧੯੨੧) |
| | (ਅ) | ਜੈਤੋ ਵਿਖੇ ਪੁਲਿਸ ਫੋਰਸ ਵੱਲੋਂ ਸ਼ਹੀਦੀ ਜਥੇ 'ਤੇ ਫਾਇਰਿੰਗ ਦੌਰਾਨ ਲੱਗਭਗ ੧੦੦ ਸਿੰਘ ਸ਼ਹੀਦ ਹੋ ਗਏ ਅਤੇ ੨੦੦ ਦੇ ਕਰੀਬ ਜ਼ਖ਼ਮੀ ਹੋ ਗਏ। (੨੧-੨-੧੯੨੪) |
| | (ੲ) | ਕਨੇਡੀਅਨ ਸ਼ਹੀਦੀ ਜਥੇ ਨੇ ਆਪਣੇ ਆਪ ਨੂੰ ਜੈਤੋ ਵਿਖੇ ਗ੍ਰਿਫਤਾਰੀ ਲਈ ਪੇਸ਼ ਕੀਤਾ। (੨੧-੨-੧੯੨੫) |
| ੨੫ ਫਰਵਰੀ | | ਸਾਹਿਬਜ਼ਾਦਾ ਬਾਬਾ ਫ਼ਤਹਿ ਸਿੰਘ ਜੀ ਦਾ ਸ੍ਰੀ ਅਨੰਦਪੁਰ ਸਾਹਿਬ ਵਿਖੇ ਜਨਮ ਹੋਇਆ। (੨੫-੨-੧੬੯੯) |
| ੨੭ ਫਰਵਰੀ | (ੳ) | ਸ੍ਰੀ ਗੁਰੂ ਹਰਿ ਰਾਇ ਸਾਹਿਬ ਗੁਰਗੱਦੀ 'ਤੇ ਬਿਰਾਜਮਾਨ ਹੋਏ। (੨੭-੨-੧੬੪੪) |
| | (ਅ) | ਅੰਗਰੇਜ਼ ਹਕੂਮਤ ਨੇ ਛੇ ਬੱਬਰ ਅਕਾਲੀ ਲਾਹੌਰ ਜੇਲ੍ਹ ਵਿਚ ਫਾਹੇ ਲਾ ਕੇ ਸ਼ਹੀਦ ਕਰ ਦਿੱਤੇ। (੨੭-੨-੧੯੨੬) |
| ੩ ਮਾਰਚ | | ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਜੋਤੀ-ਜੋਤਿ ਸਮਾਏ। (੩-੩-੧੬੪੪) |
| ੫ ਮਾਰਚ | | ਖਾਲਸਾ ਕਾਲਜ ਅੰਮ੍ਰਿਤਸਰ ਦੀ ਸਥਾਪਨਾ ਕੀਤੀ ਗਈ। (੫-੩-੧੮੯੨) |
| ੬ ਮਾਰਚ | | ੧੯੮ ਸਿੱਖ ਕੈਦੀ ਜੋਧਪੁਰ ਦੀ ਜੇਲ੍ਹ ਤੋਂ ਰਿਹਾਅ ਹੋਏ। (੬-੩-੧੯੮੯) |

| | | | |
|---|---|---|---|
| ੯ ਮਾਰਚ | (ੳ) | ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਡੁਮੇਲੀ (ਕਪੂਰਥਲੇ) ਆਏ। | (੯-੩-੧੬੩੮) |
| | (ਅ) | ਸਿੱਖਾਂ ਤੇ ਅੰਗਰੇਜ਼ਾਂ ਦਰਮਿਆਨ ਸੰਧੀ ਹੋਈ। | (੯-੩-੧੮੪੬) |
| ੧੦ ਮਾਰਚ | | ਸੂਬਾ ਲਾਹੌਰ ਦੇ ਮੁਗ਼ਲੀਆ ਸੈਨਾਪਤੀ ਲਖਪਤ ਰਾਏ ਨੇ ਇਕ ਹਜ਼ਾਰ ਤੋਂ ਵੱਧ ਸਿੱਖ ਕਤਲ ਕਰਵਾ ਦਿੱਤੇ, ਭਾਈ ਸਬੇਗ ਸਿੰਘ ਅਤੇ ਭਾਈ ਸ਼ਾਹਬਾਜ਼ ਸਿੰਘ ਨੂੰ ਚਰਖੜੀਆਂ 'ਤੇ ਚਾੜ੍ਹ ਕੇ ਸ਼ਹੀਦ ਕੀਤਾ ਗਿਆ । | (੧੦-੩-੧੭੪੬) |
| ੧੧ ਮਾਰਚ | | ਸਿੱਖ ਫੌਜਾਂ ਨੇ ਸ. ਜੱਸਾ ਸਿੰਘ ਆਹਲੂਵਾਲੀਆ, ਬਾਬਾ ਬਘੇਲ ਸਿੰਘ ਤੇ ਸ. ਜੱਸਾ ਸਿੰਘ ਰਾਮਗੜ੍ਹੀਆ ਦੀ ਅਗਵਾਈ ਵਿਚ ਦਿੱਲੀ ਵਿਖੇ ਲਾਲ ਕਿਲ੍ਹੇ 'ਤੇ ਕੇਸਰੀ ਨਿਸ਼ਾਨ ਲਹਿਰਾਇਆ । | (੧੧-੩-੧੭੮੩) |
| ੧੨ ਮਾਰਚ | | ਸ. ਊਧਮ ਸਿੰਘ ਸੁਨਾਮ ਨੇ ਪੰਜਾਬ ਦੇ ਸਾਬਕਾ ਗਵਰਨਰ ਮਾਈਕਲ ਓਡਵਾਇਰ (ਜਲ੍ਹਿਆਂ ਵਾਲਾ ਬਾਗ਼, ਸ੍ਰੀ ਅੰਮ੍ਰਿਤਸਰ ਦੇ ਸਾਕੇ ੧੩-੪-੧੯੧੯ ਦੇ ਦੋਸ਼ੀ) ਨੂੰ ਲੰਡਨ ਵਿਖੇ ਗੋਲੀਆਂ ਮਾਰ ਕੇ ਖ਼ੂਨੀ ਸਾਕੇ ਦਾ ਬਦਲਾ ਲਿਆ। | (੧੨-੩-੧੯੪੦) |
| ੧੪ ਮਾਰਚ | | ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਸ਼ਹੀਦ ਹੋਏ । | (੧੪-੩-੧੮੨੨) |

## ਪਾਠਕਾਂ ਦੇ ਧਿਆਨ ਯੋਗ

ਆਪ ਜੀ ਦਾ ਹਰਮਨ ਪਿਆਰਾ ਮਾਸਿਕ ਪਰਚਾ 'ਗੁਰਦੁਆਰਾ ਗਜ਼ਟ' ਨਿਰੰਤਰ ਆਪ ਦੀ ਸੇਵਾ ਵਿਚ ਭੇਜਿਆ ਜਾ ਰਿਹਾ ਹੈ। ਵਧੀਆ ਕਾਗਜ਼ ਤੇ ਰੰਗਦਾਰ ਛਪਾਈ ਕਾਰਨ ਇਸ 'ਤੇ ਕਾਫ਼ੀ ਖਰਚ ਆਉਂਦਾ ਹੈ। ਇਹ ਸਭ ਆਪ ਜੀ ਵੱਲੋਂ ਭੇਜੀ ਜਾਣ ਵਾਲੀ ਯਥਾ-ਸ਼ਕਤਿ ਮਾਇਆ ਨਾਲ ਹੀ ਸੰਭਵ ਹੈ। ਜਿਨ੍ਹਾਂ ਪਾਠਕਾਂ ਦੀ ਸਾਲਾਨਾ ਸਹਾਇਤਾ (ਮਾਇਆ) ਸਮਾਪਤ ਹੋ ਚੁੱਕੀ ਹੈ, ਉਨ੍ਹਾਂ ਨੂੰ ਸਨਿਮਰ ਬੇਨਤੀ ਹੈ ਕਿ ਸਹਾਇਤਾ ਭੇਜਣ/ਜਮ੍ਹਾਂ ਕਰਾਉਣ ਦੀ ਖੇਚਲ ਕਰਨ।

*ਸਹਾਇਤਾ ਬੈਂਕ ਡਰਾਫਟ ਜਾਂ ਮਨੀਆਰਡਰ ਰਾਹੀਂ **ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ** ਦੇ ਪਤੇ 'ਪੁਰ ਭੇਜੀ ਜਾ ਸਕਦੀ ਹੈ। ਇਸ ਤੋਂ ਇਲਾਵਾ ਦਫ਼ਤਰ ਵਿਖੇ ਖਜ਼ਾਨਚੀ ਅਤੇ ਸ੍ਰੀ ਦਰਬਾਰ ਸਾਹਿਬ ਦੇ ਗੁਰਮਤਿ ਲਿਟਰੇਚਰ ਹਾਊਸ 'ਤੇ ਨਕਦ ਵੀ ਜਮ੍ਹਾਂ ਕਰਵਾਈ ਜਾ ਸਕਦੀ ਹੈ।

**-ਸੰਪਾਦਕ**

ਗੁਰਬਾਣੀ ਵਿਚਾਰ:

# ੧੬ ਫਰਵਰੀ ਤੋਂ ੧੫ ਮਾਰਚ ਵਿਚਲੇ ਇਤਿਹਾਸਕ ਦਿਹਾੜੇ

ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ॥
ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ॥
ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ॥
ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ॥
ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ॥
ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ॥
ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ॥
ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ॥
ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ॥
ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ॥੧੩॥ *(ਪੰਨਾ ੧੩੬)*

ਸਿਆਲੀ ਰੁੱਤ ਦੀ ਕਰੜੀ ਸਰਦੀ ਪਿੱਛੋਂ ਬਹਾਰ ਫਿਰਨ 'ਤੇ ਫੱਗਣ ਦੇ ਮਹੀਨੇ ਵਿਚ ਲੋਕ ਹੋਲੀਆਂ ਦੇ ਰੰਗ-ਤਮਾਸ਼ਿਆਂ ਰਾਹੀਂ ਖ਼ੁਸ਼ੀਆਂ ਮਨਾਉਂਦੇ ਹਨ, ਪਰ ਫੱਗਣ ਵਿਚ (ਉਨ੍ਹਾਂ ਜੀਵ-ਇਸਤਰੀਆਂ ਦੇ ਅੰਦਰ) ਆਤਮਿਕ ਆਨੰਦ ਪੈਦਾ ਹੁੰਦਾ ਹੈ, ਜਿਨ੍ਹਾਂ ਦੇ ਹਿਰਦੇ ਵਿਚ ਸੱਜਣ-ਹਰੀ ਪਰਤੱਖ ਆ ਵੱਸਦਾ ਹੈ, ਪਰਮਾਤਮਾ ਨਾਲ ਮਿਲਣ ਵਿਚ ਸਹਾਇਤਾ ਕਰਨ ਵਾਲੇ ਸੰਤ-ਜਨ ਮਿਹਰ ਕਰਕੇ ਉਨ੍ਹਾਂ ਨੂੰ ਪ੍ਰਭੂ ਨਾਲ ਜੋੜ ਦਿੰਦੇ ਹਨ, ਉਨ੍ਹਾਂ ਦਾ ਹਿਰਦਾ (ਸੇਜ) ਸੁੰਦਰ ਬਣ ਜਾਂਦਾ ਹੈ, ਉਨ੍ਹਾਂ ਨੂੰ ਸਾਰੇ ਹੀ ਸੁਖ ਪ੍ਰਾਪਤ ਹੋ ਜਾਂਦੇ ਹਨ, ਫਿਰ ਦੁੱਖਾਂ ਲਈ (ਉਨ੍ਹਾਂ ਦੇ ਹਿਰਦੇ ਵਿਚ) ਕਿਤੇ ਰਤਾ ਥਾਂ ਨਹੀਂ ਰਹਿ ਜਾਂਦੀ । ਉਨ੍ਹਾਂ ਜੀਵ-ਇਸਤਰੀਆਂ ਦੀ ਮਨੋ-ਕਾਮਨਾ ਪੂਰੀ ਹੋ ਜਾਂਦੀ ਹੈ, ਜਦੋਂ ਉਨ੍ਹਾਂ ਨੂੰ ਹਰੀ-ਪ੍ਰਭੂ ਖਸਮ ਮਿਲ ਪੈਂਦਾ ਹੈ, ਉਹ ਸਤਸੰਗੀ ਸਹੇਲੀਆਂ ਨਾਲ ਰਲ਼ ਕੇ ਗੋਵਿੰਦ ਦੀ ਸਿਫ਼ਤਿ-ਸਾਲਾਹ ਦੇ ਗੀਤ ਅਲਾਪ ਕੇ ਆਤਮਿਕ ਆਨੰਦ ਪੈਦਾ ਕਰਨ ਵਾਲੀ ਗੁਰਬਾਣੀ ਗਾਂਦੀਆਂ ਹਨ। ਪਰਮਾਤਮਾ ਵਰਗਾ ਕੋਈ ਹੋਰ, ਉਸ ਦੀ ਬਰਾਬਰੀ ਕਰ ਸਕਣ ਵਾਲਾ ਕੋਈ ਦੂਜਾ ਉਨ੍ਹਾਂ ਨੂੰ ਕਿਤੇ ਦਿੱਸਦਾ ਹੀ ਨਹੀਂ।

ਉਸ ਪਰਮਾਤਮਾ ਨੇ (ਉਨ੍ਹਾਂ ਸਤ-ਸੰਗੀਆਂ ਦਾ) ਲੋਕ-ਪਰਲੋਕ ਸਵਾਰ ਦਿੱਤਾ ਹੈ, ਉਨ੍ਹਾਂ ਨੂੰ (ਆਪਣੇ ਚਰਨਾਂ ਵਿਚ ਲਿਵ-ਲੀਨਤਾ ਵਾਲੀ) ਐਸੀ ਥਾਂ ਬਖ਼ਸ਼ੀ ਹੈ, ਜੋ ਕਦੇ ਡੋਲਦੀ ਹੀ ਨਹੀਂ। ਪਰਮਾਤਮਾ ਨੇ ਸੰਸਾਰ-ਸਮੁੰਦਰ ਤੋਂ ਉਨ੍ਹਾਂ ਨੂੰ (ਹੱਥ ਦੇ ਕੇ) ਰੱਖ ਲਿਆ ਹੈ, ਜਨਮਾਂ ਦੇ ਗੇੜ ਵਿਚ ਮੁੜ ਉਨ੍ਹਾਂ ਦੀ ਦੌੜ-ਭੱਜ ਨਹੀਂ ਹੁੰਦੀ।

ਹੇ ਨਾਨਕ! (ਆਖ-) ਸਾਡੀ ਇਕ ਜੀਭ ਹੈ, ਪ੍ਰਭੂ ਦੇ ਅਨੇਕਾਂ ਹੀ ਗੁਣ ਹਨ (ਅਸੀਂ ਉਨ੍ਹਾਂ ਨੂੰ ਬਿਆਨ ਕਰਨ ਜੋਗੇ ਨਹੀਂ ਹਾਂ, ਪਰ) ਜਿਹੜੇ ਜੀਵ ਉਸ ਦੀ ਚਰਨੀਂ ਪੈਂਦੇ ਹਨ, (ਉਸ ਦਾ ਆਸਰਾ ਤੱਕਦੇ ਹਨ) ਉਹ (ਸੰਸਾਰ-ਸਮੁੰਦਰ ਤੋਂ) ਤਰ ਜਾਂਦੇ ਹਨ।

ਫੱਗਣ ਦੇ ਮਹੀਨੇ ਵਿਚ (ਹੋਲੀਆਂ ਆਦਿ ਵਿੱਚੋਂ ਅਨੰਦ ਲੱਭਣ ਦੇ ਥਾਂ) ਸਦਾ ਉਸ ਪਰਮਾਤਮਾ ਦੀ ਸਿਫ਼ਤਿ-ਸਾਲਾਹ ਕਰਨੀ ਚਾਹੀਦੀ ਹੈ, ਜਿਸ ਨੂੰ (ਆਪਣੀ ਵਡਿਆਈ ਕਰਵਾਉਣ ਦਾ) ਰਤਾ-ਭਰ ਭੀ ਲਾਲਚ ਨਹੀਂ ਹੈ (ਇਸ ਵਿਚ ਸਾਡਾ ਹੀ ਭਲਾ ਹੈ) ॥੧੩॥

■

*ਸੰਪਾਦਕੀ...*

# ੧੬ ਫਰਵਰੀ ਤੋਂ ੧੫ ਮਾਰਚ ਵਿਚਲੇ ਇਤਿਹਾਸਕ ਦਿਹਾੜੇ

*ਕਿਸੇ ਧਰਮ ਜਾਂ ਕੌਮ ਦਾ ਵਜੂਦ ਅਤੇ ਉਸ ਦੀ ਹੋਂਦ-ਹਸਤੀ ਮੂਲ ਰੂਪ ਵਿਚ ਉਸ ਦੀ ਵਿਚਾਰਧਾਰਾ 'ਤੇ ਨਿਰਭਰ ਕਰਦੀ ਹੈ। ਸਿੱਖ ਧਰਮ ਦਸ ਗੁਰੂ ਸਾਹਿਬਾਨ ਵੱਲੋਂ ਬਖ਼ਸ਼ਿਸ਼ ਕੀਤੇ ਗੁਰਮਤਿ ਫ਼ਲਸਫ਼ੇ 'ਚੋਂ ਉਪਜੀ ਗੁਰਮਤਿ ਵਿਚਾਰਧਾਰਾ ਤੇ ਜੀਵਨ-ਜੁਗਤ ਨੂੰ ਧਾਰਨ ਕਰਦਿਆਂ ਆਪਣੇ ਵਜੂਦ ਨੂੰ ਇਸ ਦੁਨੀਆਂ 'ਚ ਰੂਪਮਾਨ ਕਰਨ ਦੀ ਪ੍ਰੇਰਨਾ ਦਿੰਦਾ ਹੈ।*

*ਗੁਰਮਤਿ ਵਿਚਾਰਧਾਰਾ 'ਤੇ ਚਲਦਿਆਂ ਸਿੱਖ ਧਰਮ ਨੇ ਇਕ ਲਾਸਾਨੀ ਇਤਿਹਾਸ ਸਿਰਜਿਆ ਹੈ। ਸਿੱਖ ਇਤਿਹਾਸ ਦੀ ਇਸ ਮਾਣਮੱਤੀ ਵਿਰਾਸਤ ਨੂੰ ਸੰਭਾਲਣ ਲਈ ਜ਼ਰੂਰੀ ਹੈ ਕਿ ਕੌਮ ਦੀ ਨਵੀਂ ਪਨੀਰੀ ਤਕ ਇਸਦੇ ਫ਼ਲਸਫ਼ੇ ਦਾ ਸੰਦੇਸ਼ ਪੁੱਜਦਾ ਕੀਤਾ ਜਾ ਸਕੇ। ਗੁਰਮਤਿ ਵਿਚਾਰਧਾਰਾ ਦੀ ਸੁੱਚਤਾ ਤੇ ਉੱਚਤਾ ਨੂੰ ਦੁਨੀਆਂ ਦੇ ਹਰ ਕੋਨੇ ਵਿਚ ਪਛਾਣਿਆ ਜਾਣ ਲੱਗਾ ਹੈ ਪਰ ਅਸੀਂ ਸਿੱਖ ਅਖਵਾਉਣ ਵਾਲੇ ਇਸ ਵਿਚਾਰਧਾਰਾ ਦੇ ਕਈ ਅਤਿ ਮਹੱਤਵਪੂਰਨ ਪਹਿਲੂਆਂ ਤੋਂ ਅਨਜਾਣਤਾ ਦਰਸਾ ਰਹੇ ਹਾਂ। ਅੱਜ ਸਿੱਖ ਅਖਵਾਉਣ ਵਾਲੇ ਗੁਰੂ ਬਖਸ਼ੀ ਇਸ ਵਿਚਾਰਧਾਰਾ ਨੂੰ ਜਾਣਨ-ਸਮਝਣ ਤੋਂ ਦੂਰੀ 'ਤੇ ਖੜ੍ਹੇ ਹੋਣ ਕਰਕੇ ਸਿੱਖੀ ਜੀਵਨ-ਜਾਚ ਸਬੰਧੀ ਕਈ ਤਰ੍ਹਾਂ ਦੇ ਭਰਮਾਂ ਤੇ ਸ਼ੰਕਿਆਂ ਦੇ ਸ਼ਿਕਾਰ ਹੋ ਚੁੱਕੇ ਹਨ।*

*ਅੱਜ ਬਹੁਤੇ ਸਿੱਖ ਅਖਵਾਉਣ ਵਾਲੇ, ਅਵੇਸਲੀ ਬਿਰਤੀ ਦਾ ਸ਼ਿਕਾਰ ਹਨ, ਸਿੱਖੀ ਸਿਧਾਂਤਾਂ ਤੋਂ ਅਨਜਾਣ ਹਨ। ਸਾਡੇ ਵਿਚੋਂ ਬਹੁਤਿਆਂ ਨੇ ਕਦੇ ਸਿੱਖ ਫ਼ਲਸਫ਼ੇ ਨੂੰ ਸਮਝਣ ਦੀ ਜ਼ਰੂਰਤ ਹੀ ਨਹੀਂ ਸਮਝੀ। ਬਹੁਤੇ ਸਿੱਖਾਂ ਦਾ ਇਤਿਹਾਸ ਅਤੇ ਸਿਧਾਂਤਾਂ ਤੋਂ ਵਿਰਵੇ ਹੋਣਾ ਨਵੀਂ ਪਨੀਰੀ ਨੂੰ ਵਿਰਸੇ ਤੋਂ ਦੂਰ ਕਰਨ ਦਾ ਕਾਰਨ ਬਣ ਰਿਹਾ ਹੈ। ਸਾਡੇ ਪਰਿਵਾਰਾਂ ਵਿਚੋਂ ਸਿੱਖੀ ਸਿਧਾਂਤਾਂ ਦੀ ਝਲਕ ਨਹੀਂ ਪੈਂਦੀ। ਅੱਜ ਫਿਕਰ ਵਾਲੀ ਗੱਲ ਇਹ ਹੈ ਕਿ ਬਹੁਤੇ ਪਰਿਵਾਰਾਂ ਵਿਚ ਨਾ ਅੰਮ੍ਰਿਤ ਵੇਲਾ ਤੇ ਨਿਤਨੇਮ ਰਿਹਾ ਅਤੇ ਨਾ ਹੀ ਗੁਰੂ ਘਰ ਦੇ ਦਰਸ਼ਨ ਤੇ ਸੰਗਤ ਰਹੀ। ਬਲਕਿ ਇਸ ਦੇ ਉਲਟ ਸਾਡਾ ਜ਼ਿਆਦਾ ਸਮਾਂ ਇੰਟਰਨੈਟ ਅਤੇ ਟੈਲੀਵਿਜ਼ਨ 'ਤੇ ਬਤੀਤ ਹੁੰਦਾ ਹੈ। ਅੱਜ ਪਰਿਵਾਰਾਂ ਵਿਚ ਇਕੱਠੇ ਬੈਠਣ ਦਾ ਰੁਝਾਣ ਲਗਭਗ ਖਤਮ ਹੋ ਚੁੱਕਾ ਹੈ। ਦੁੱਖ ਵਾਲੀ ਗੱਲ ਇਹ ਹੈ ਕਿ ਪਰਿਵਾਰ ਦਾ ਹਰ ਜੀਅ ਇਕੱਲਾ ਰਹਿਣਾ ਜ਼ਿਆਦਾ ਪਸੰਦ ਕਰਦਾ ਹੈ। ਇਹੀ ਕਾਰਨ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਆਪਣੇ ਮਹਾਨ ਇਤਿਹਾਸ, ਸਿੱਖੀ ਪ੍ਰੰਪਰਾਵਾਂ ਤੇ ਰਹੁ-ਰੀਤਾਂ ਤੋਂ ਜਾਣੂੰ ਨਹੀਂ ਕਰਵਾ ਸਕੇ।*

*ਸਮਾਜ ਅੰਦਰ ਝਾਤੀ ਮਾਰੀਏ ਤਾਂ ਅੱਜ ਨੌਜਵਾਨ ਜਿਥੇ ਪਤਿਤ ਹੋ ਰਹੇ ਹਨ ਉਥੇ ਉਨ੍ਹਾਂ ਦਾ ਨਸ਼ਿਆਂ ਦੀ ਗਰਿਫਤ ਵਿਚ ਆਉਣਾ ਸਮਾਜ ਲਈ ਖਤਰੇ ਦੀ ਘੰਟੀ ਹੈ, ਇਹ ਨਹੀਂ ਕਿ ਬੱਚੇ ਅੰਦਰ ਗਿਆਨ ਪ੍ਰਾਪਤ ਕਰਨ ਦੀ ਸ਼ਕਤੀ ਨਹੀਂ ਅਜਿਹਾ ਕਦਾਚਿਤ ਨਹੀਂ, ਏਥੇ ਅਸੀਂ ਭਾਵ ਮਾਪੇ, ਸਿੱਖ ਸੰਸਥਾਵਾਂ, ਸਭਾ-ਸੁਸਾਇਟੀਆਂ, ਸਮਾਜ ਦੇ ਜਾਗਰੂਕ ਜਨ ਸਾਰੇ ਹੀ ਦੋਸ਼ੀ ਹਾਂ। ਭਰੂਣ ਹੱਤਿਆ ਸਾਡੇ ਸਮਾਜ 'ਤੇ ਇਕ ਕਲੰਕ ਹੈ। ਗੁਰੂ ਸਾਹਿਬ ਨੇ "**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ**" ਰਾਹੀਂ ਇਸਤਰੀ ਜਾਤੀ ਦੇ ਰੁਤਬੇ ਨੂੰ ਉਚਿਆਂ ਕੀਤਾ ਸੀ ਪਰ ਅੱਜ ਦਾ ਸਿੱਖ ਗੁਰੂ-ਹੁਕਮਾਂ ਨੂੰ ਭੁੱਲ ਕੇ ਕੁੜੀਆਂ ਨੂੰ ਜਨਮ ਤੋਂ ਪਹਿਲਾਂ ਹੀ ਮਾਰਨ ਦਾ ਪਾਪ ਕਰ ਰਿਹਾ ਹੈ।*

*ਸਿੱਖੀ ਵਿਚਾਰਧਾਰਾ ਤੋਂ ਨਵੀਂ ਪਨੀਰੀ ਨੂੰ ਜਾਣੂ ਕਰਵਾਉਣਾ ਅਜੋਕੇ ਸਮੇਂ ਦੀ ਇਕ ਬਹੁਤ ਵੱਡੀ ਲੋੜ*

*ਹੈ, ਜਿਸ ਵਾਸਤੇ ਜਿਥੇ ਧਾਰਮਿਕ ਜਥੇਬੰਦੀਆਂ ਨੂੰ ਨੌਜਵਾਨਾਂ ਤੱਕ ਪਹੁੰਚ ਅਪਨਾਉਣੀ ਹੋਵੇਗੀ ਉੱਥੇ ਸਕੂਲਾਂ, ਕਾਲਜਾਂ ਅਤੇ ਘਰਾਂ ਵਿਚ ਵੀ ਸਾਜਗਾਰ ਮਹੌਲ ਸਿਰਜਣ ਦੀ ਜ਼ਰੂਰਤ ਹੈ।*

*ਇਸ ਸੱਚ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਨੌਜਵਾਨਾਂ ਅੰਦਰ ਸ਼ਰਧਾ ਦੀ ਕੋਈ ਕਮੀ ਨਹੀਂ। ਜੋੜ ਮੇਲਿਆਂ ਅਤੇ ਹੋਰ ਇਤਿਹਾਸਕ ਦਿਹਾੜਿਆਂ 'ਤੇ ਨੌਜਵਾਨਾਂ ਵੱਲੋਂ ਲੰਗਰਾਂ, ਜੋੜੇ ਘਰਾਂ, ਗਠੜੀ ਘਰਾਂ, ਛਬੀਲਾਂ ਅਤੇ ਹੋਰ ਥਾਵਾਂ 'ਤੇ ਉਤਸ਼ਾਹ ਨਾਲ ਸੇਵਾ ਕੀਤੀ ਜਾਂਦੀ ਹੈ। ਲੋੜ ਕੇਵਲ ਇਨ੍ਹਾਂ ਨੌਜਵਾਨਾਂ ਨੂੰ ਗੁਰਮਤਿ ਆਸ਼ੇ ਅਨੁਸਾਰ ਸਮਝਾ ਕੇ ਸਿੱਖੀ ਸਰੂਪ ਨਾਲ ਜੋੜਨ ਦੀ ਹੈ। ਇਸ ਕਾਰਜ ਲਈ ਨੌਜਵਾਨੀ ਵਿਚ ਵਿਚਰ ਕੇ ਸਿੱਖੀ ਸਰੂਪ ਪ੍ਰਤੀ ਪਿਆਰ ਪੈਦਾ ਕਰਨ ਲਈ ਸਾਰਿਆਂ ਨੂੰ ਰਲ ਕੇ ਹੰਭਲਾ ਮਾਰਨਾ ਪਵੇਗਾ। ਤਕਨੀਕ ਨੇ ਵੱਡੀ ਤਬਦੀਲੀ ਲਿਆਂਦੀ ਹੈ ਇਸ ਲਈ ਉਸ ਅਨੁਸਾਰ ਸੰਚਾਰ ਸਾਧਨਾਂ ਰਾਹੀਂ ਨੌਜੁਆਨਾਂ ਨੂੰ ਦਿਸ਼ਾ ਦੇਣ ਦੀ ਸਖਤ ਲੋੜ ਹੈ।*

*ਅਜੇ ਵੀ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ। ਜੇਕਰ ਅਸੀਂ ਇਸ ਦਿਸ਼ਾ 'ਚ ਹੁਣ ਵੀ ਆਪਣੀ ਉਦਾਸੀਨਤਾ, ਅਣਗਹਿਲੀ ਤੇ ਲਾਪਰਵਾਹੀ ਦਾ ਤਿਆਗ ਕਰਦੇ ਹੋਏ ਆਪਣੇ ਬੱਚਿਆਂ ਲਈ ਅਨੁਕੂਲ ਮਾਹੌਲ ਸਿਰਜ ਕੇ, ਉਨ੍ਹਾਂ ਨੂੰ ਗੁਰਮਤਿ ਵਿਚਾਰਧਾਰਾ ਦੀ ਸਰਬ-ਸ੍ਰੇਸ਼ਟਤਾ ਦਾ ਅਹਿਸਾਸ ਕਰਵਾਉਂਦੇ ਹੋਏ ਇਸ ਵਿਚਾਰਧਾਰਾ ਦੇ ਪ੍ਰਮੁੱਖ ਤੱਤ ਸਮਝਾਉਣ ਤੇ ਦਰਸਾਉਣ ਦੀ ਦਿਸ਼ਾ 'ਚ ਤੁਰ ਪਈਏ ਤਾਂ ਸਾਡੀ ਨਵੀਂ ਪੀੜ੍ਹੀ ਆਪਣੇ ਦੁਰਲੱਭ ਤੇ ਅਮੋਲਕ ਧਾਰਮਿਕ ਵਿਰਸੇ ਤੋਂ ਬੇਗਾਨਗੀ ਦੀ ਦਸ਼ਾ ਨੂੰ ਹੰਢਾਉਣ ਦਾ ਸ਼ਿਕਾਰ ਨਹੀਂ ਹੋ ਸਕੇਗੀ। ਸਾਡੇ ਤਕ ਸਿੱਖੀ ਵਿਚਾਰਧਾਰਾ ਨੂੰ ਪਹੁੰਚਾਉਣ ਵਾਸਤੇ ਦਸਮੇਸ਼ ਪਿਤਾ ਨੇ ਕੀ ਆਪਣੇ ਚਾਰੇ ਲਾਲ ਨਹੀਂ ਵਾਰ ਦਿੱਤੇ ਸਨ? ਆਓ, ਇਸ ਹਕੀਕਤ ਨੂੰ ਭਲੀ-ਭਾਂਤ ਸਮਝਦੇ ਹੋਏ ਆਪਣੀ ਨਵੀਂ ਪਨੀਰੀ ਨੂੰ ਸਕੂਲੀ ਵਿੱਦਿਆ ਦੇ ਨਾਲ-ਨਾਲ ਧਾਰਮਿਕ ਵਿੱਦਿਆ ਦੀ ਗੁੜ੍ਹਤੀ ਆਪਣੇ ਘਰਾਂ 'ਚੋਂ ਹੀ ਦੇਣ ਦਾ ਉੱਦਮ-ਉਪਰਾਲਾ ਕਰੀਏ।*

***-ਦਿਲਜੀਤ ਸਿੰਘ 'ਬੇਦੀ'***

## ਅੰਮ੍ਰਿਤ ਸੰਚਾਰ

**੧੬ ਫਰਵਰੀ ਤੋਂ ੧੫ ਮਾਰਚ ਵਿਚਲੇ ਇਤਿਹਾਸਕ ਦਿਹਾੜੇ**

**੧੬ ਫਰਵਰੀ ਤੋਂ ੧੫ ਮਾਰਚ ਵਿਚਲੇ ਇਤਿਹਾਸਕ ਦਿਹਾੜੇ**

੧੬ ਫਰਵਰੀ ਤੋਂ ੧੫ ਮਾਰਚ ਵਿਚਲੇ ਇਤਿਹਾਸਕ ਦਿਹਾੜੇ

# ੧੬ ਫਰਵਰੀ ਤੋਂ ੧੫ ਮਾਰਚ ਵਿਚਲੇ ਇਤਿਹਾਸਕ ਦਿਹਾੜੇ

੧੬ ਫਰਵਰੀ ਤੋਂ ੧੫ ਮਾਰਚ ਵਿਚਲੇ ਇਤਿਹਾਸਕ ਦਿਹਾੜੇ

*-ਬੀਬੀ ਪ੍ਰਕਾਸ਼ ਕੌਰ**

ਸਿੱਖ ਧਰਮ ਦੇ ਪ੍ਰਚਾਰ ਤੇ ਵਿਕਾਸ ਵਿਚ ਗੁਰੂ-ਮਹਿਲਾਂ ਦਾ ਗੁਰਮਤਿ ਦੇ ਸਿਧਾਂਤ ਨੂੰ ਵਿਵਹਾਰਿਕ ਜਾਮਾ ਪਹਿਨਾਉਣ ਵਿਚ ਪੂਰਨ ਯੋਗਦਾਨ ਰਿਹਾ ਹੈ। ਗੁਰੂ-ਮਹਿਲਾਂ ਨੇ ਸਿੱਖੀ ਦੇ ਮਹੱਲ ਨੂੰ ਉਸਾਰਨ ਵਿਚ ਬੁਨਿਆਦ ਦਾ ਕੰਮ ਕੀਤਾ ਹੈ। ਇਸ ਦੀ ਗਵਾਹੀ ਜਨਮ-ਸਾਖੀਆਂ, ਮਹਿਮਾ ਪ੍ਰਕਾਸ਼, ਗੁਰਬਿਲਾਸ, ਪਰੰਪਰਾਵਾਂ ਅਤੇ ਹੁਕਮਨਾਮਿਆਂ ਤੋਂ ਮਿਲਦੀ ਹੈ। ਇਤਿਹਾਸ ਸਾਖੀ ਹੈ ਕਿ ਜਿੱਥੇ ਗੁਰੂ ਸਾਹਿਬਾਨ ਭਗਤੀ ਤੇ ਸ਼ਕਤੀ ਦੇ ਸਾਧਨਾਂ ਰਾਹੀਂ ਲੋਕਾਂ ਨੂੰ ਰੂਹਾਨੀ ਤੇ ਰਾਜਨੀਤਿਕ ਅਗਵਾਈ ਦੇਣ ਵਿਚ ਰੁੱਝੇ ਰਹਿੰਦੇ ਸਨ, ਉੱਥੇ ਗੁਰੂ-ਮਹਿਲ ਗੁਰੂ ਸਾਹਿਬਾਨ ਨੂੰ ਪੂਰਾ-ਪੂਰਾ ਸਹਿਯੋਗ ਦਿੰਦੇ ਸਨ। ਪਰਵਾਰ ਦੀ ਸੰਭਾਲ ਦੀ ਜ਼ਿੰਮੇਵਾਰੀ ਨਿਭਾਉਣ ਤੋਂ ਇਲਾਵਾ ਗੁਰੂ-ਦਰਬਾਰ ਦੇ ਪ੍ਰਬੰਧਾਂ ਤੇ ਨਿੱਤ ਦੇ ਕਾਰਜਾਂ ਦਾ ਨਿਰਬਾਹ, ਸੰਗਤਾਂ ਦੀ ਸੇਵਾ-ਸੰਭਾਲ ਬੜੇ ਸੁਚਾਰੂ ਰੂਪ ਨਾਲ ਕਰ ਕੇ ਉਹ ਪੂਰਨ ਯੋਗਦਾਨ ਪਾਉਂਦੇ ਰਹੇ। ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲੱਗਭਗ ੨੦ ਸਾਲ ਦੇ ਜਗਤ-ਭ੍ਰਮਣ ਉਪਰੰਤ ਕਰਤਾਰਪੁਰ ਆ ਧਰਮਸ਼ਾਲਾ ਬਣਾ ਕੇ ਸੰਗਤਾਂ ਦੇ ਮਾਰਗ-ਦਰਸ਼ਨ ਦਾ ਕੰਮ ਅਰੰਭਿਆ ਤਾਂ ਧਰਮਸ਼ਾਲਾ ਤੇ ਲੰਗਰ ਦਾ ਪ੍ਰਬੰਧ ਮਾਤਾ ਸੁਲੱਖਣੀ ਜੀ ਹੀ ਸੰਭਾਲਦੇ ਰਹੇ। ਗੁਰੂ-ਦਰਬਾਰ ਦੇ ਰਖ-ਰਖਾਵ ਤੇ ਨਿੱਤ ਦੇ ਕਾਰਜਾਂ ਦੀ ਜ਼ਿੰਮੇਵਾਰੀ ਮਾਤਾ ਜੀ ਦੀ ਸੀ।

ਇਸੇ ਤਰ੍ਹਾਂ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਗੁਰੂ-ਕਾਲ ਵਿਚ ਲੰਗਰ ਦੀ ਸੰਸਥਾ ਨੂੰ ਜਿਹੜੀ ਪਰਪੱਕਤਾ ਪ੍ਰਾਪਤ ਹੋਈ ਸੀ, ਉਸ ਦਾ ਸਾਰਾ ਸਿਹਰਾ ਮਾਤਾ ਖੀਵੀ ਜੀ ਨੂੰ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉਨ੍ਹਾਂ ਨੂੰ "ਨੇਕ ਜਨ" ਕਹਿ ਕੇ ਸਲਾਹਿਆ ਗਿਆ ਹੈ। ਅਸਲ ਵਿਚ ਲੰਗਰ ਦਾ ਸਮੁੱਚਾ ਪ੍ਰਬੰਧ ਹੀ ਮਾਤਾ ਖੀਵੀ ਜੀ ਦੇ ਹੱਥ ਵਿਚ ਸੀ ਅਤੇ ਇਸ ਤੱਥ ਦੀ ਪ੍ਰੋੜ੍ਹਤਾ ਭਾਈ ਸੱਤਾ ਜੀ -ਭਾਈ ਬਲਵੰਡ ਜੀ ਦੀ ਵਾਰ ਵਿੱਚੋਂ ਹੁੰਦੀ ਹੈ। ਗੁਰੂ-ਘਰ ਵਿਚ ਇਕ ਪਾਸੇ ਨਾਮ ਦੀ ਦੌਲਤ ਲੋਕਾਂ ਦੀ ਝੋਲੀ ਪੈ ਰਹੀ ਸੀ ਅਤੇ ਦੂਜੇ ਪਾਸੇ ਤਰ੍ਹਾਂ-ਤਰ੍ਹਾਂ ਦੇ ਭੋਜਨ, ਘਿਉ ਵਾਲੀ ਖੀਰ ਆਦਿ ਵੰਡੀ ਜਾ ਰਹੀ ਸੀ। ਸ੍ਰੀ ਗੁਰੂ ਅੰਗਦ ਦੇਵ ਜੀ ਸੰਗਤਾਂ ਨੂੰ ਆਤਮਿਕ ਜੀਵਨ ਉਚੇਰਾ ਕਰਨ ਵਾਲੇ ਨਾਮ ਨਾਲ ਜੋੜ ਰਹੇ ਸਨ, ਅਤੇ ਉਨ੍ਹਾਂ ਦੀ ਸੁਪਤਨੀ ਮਾਤਾ ਖੀਵੀ ਜੀ ਸੰਗਤਾਂ ਲਈ ਸੁਆਦਲਾ ਲੰਗਰ ਤਿਆਰ ਕਰ ਰਹੇ ਸਨ:

ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ॥
ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ॥

(ਪੰਨਾ ੯੬੭)

ਮਾਤਾ ਖੀਵੀ ਜੀ ਦੀ ਸਰਪ੍ਰਸਤੀ ਹੇਠ ਲੰਗਰ ਪੂਰੀ ਤਰ੍ਹਾਂ ਵਿਕਸਿਤ ਤੇ ਸੰਪੂਰਨ ਸੰਸਥਾ ਦੇ ਰੂਪ ਵਿਚ ਸਿੱਖ ਪਰੰਪਰਾ ਦਾ ਅੰਗ ਬਣ ਗਿਆ।

ਸੇਵਾ ਦੀ ਮੂਰਤ ਸ੍ਰੀ ਗੁਰੂ ਅਮਰਦਾਸ ਜੀ ਦੀ ਸਪੁੱਤਰੀ, ਸ੍ਰੀ ਗੁਰੂ ਰਾਮਦਾਸ ਜੀ ਦੀ ਸੁਪਤਨੀ, ਸ੍ਰੀ ਗੁਰੂ ਅਰਜਨ ਦੇਵ ਜੀ ਦੀ ਮਾਤਾ ਬੀਬੀ ਭਾਨੀ ਜੀ ਧੰਨ ਸਨ, ਜਿਨ੍ਹਾਂ ਨੇ ਗੁਰੂ ਦਾ ਭਾਣਾ ਮੰਨ, ਰਜ਼ਾ ਵਿਚ ਰਹਿ ਕੇ ਇਤਿਹਾਸ ਹੀ ਬਦਲ ਦਿੱਤਾ। ਬੀਬੀ ਭਾਨੀ ਜੀ ਦੀ ਭੂਮਿਕਾ ਇਤਿਹਾਸਿਕ ਦ੍ਰਿਸ਼ਟੀ ਤੋਂ ਬੜੀ ਅਹਿਮੀਅਤ ਵਾਲੀ ਹੈ।

**੮੬, ਟੈਗੋਰ ਨਗਰ, ਜਲੰਧਰ-੧੪੪੦੦੧*

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੁਪਤਨੀ ਮਾਤਾ ਗੰਗਾ ਜੀ ਨੂੰ ਵੀ ਸਿੱਖ ਪਰੰਪਰਾ ਵਿਚ ਬੜਾ ਗੌਰਵਮਈ ਸਥਾਨ ਪ੍ਰਾਪਤ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਵਿਆਹ ਹੋਣ ਤੋਂ ਲੈ ਕੇ ਗੁਰੂ ਸਾਹਿਬ ਦੀ ਸ਼ਹਾਦਤ ਤਕ ਦਾ ੨੭ ਸਾਲ ਦਾ ਸਮਾਂ ਬਣਦਾ ਹੈ। ਇਨ੍ਹਾਂ ਸਾਲਾਂ ਵਿਚ ਮਾਤਾ ਜੀ ਦਿਨ-ਰਾਤ ਗੁਰੂ-ਘਰ ਦੇ ਰਖ-ਰਖਾਵ ਤੇ ਸੰਗਤਾਂ ਦੀ ਸੇਵਾ-ਸੰਭਾਲ ਵਿਚ ਰੁੱਝੇ ਰਹੇ। ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਅਤੇ ਸਿੱਖ ਸੰਗਤਾਂ ਨੂੰ ਇਸ ਮਹਾਨ ਸਿੱਖੀ ਦੇ ਕੇਂਦਰ ਨਾਲ ਜੋੜਨ ਵਿਚ ਮਾਤਾ ਜੀ ਨੇ ਵਿਸ਼ੇਸ਼ ਯੋਗਦਾਨ ਪਾਇਆ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ (ਸੰਨ ੧੬੦੬ ਈ:) ਤੋਂ ਲੈ ਕੇ ਮਾਤਾ ਜੀ ਦੇ ਜੋਤੀ-ਜੋਤ ਸਮਾਉਣ (ਸੰਨ ੧੬੨੮ ਈ:) ਤਕ ਦੇ ੨੨ ਸਾਲ ਦੇ ਸਮੇਂ ਵਿਚ ਮਾਤਾ ਜੀ ਦਾ ਯੋਗਦਾਨ ਬਹੁਤ ਹੀ ਅਹਿਮ ਰਿਹਾ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰਿਆਈ ਸੰਭਾਲੀ ਅਤੇ ਇੱਥੋਂ ਹੀ ਇਕ ਮਹਾਨ ਕ੍ਰਾਂਤੀਕਾਰੀ ਪਰਿਵਰਤਨ ਦੇ ਦੌਰ ਵਿਚ ਮਾਤਾ ਜੀ ਗੁਰੂ-ਘਰ ਦੀ ਹਰ ਘਟਨਾ ਨਾਲ ਸਿੱਧੇ ਰੂਪ ਵਿਚ ਜੁੜੇ ਹੋਏ ਸਨ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਗੁਰਿਆਈ, ਸ੍ਰੀ ਅਕਾਲ ਤਖਤ ਸਾਹਿਬ ਦੀ ਉਸਾਰੀ, ਸਿੱਖ ਲਹਿਰ ਨੂੰ ਹਥਿਆਰਬੰਦ ਹੁੰਦਿਆਂ ਦੇਖਣਾ, ਸਿੱਖਾਂ ਨੂੰ ਇਕ ਫੌਜ ਦੇ ਰੂਪ ਵਿਚ ਸੰਗਠਿਤ ਹੁੰਦਿਆਂ, ਮੁਗ਼ਲ ਹੁਕਮਰਾਨਾਂ ਨੂੰ ਚੁਣੌਤੀ ਦਿੰਦਿਆਂ ਉਨ੍ਹਾਂ ਨੇ ਅੱਖੀਂ ਵੇਖਿਆ। ਇਸ ਕ੍ਰਾਂਤੀਕਾਰੀ ਪਰਿਵਰਤਨ ਦੇ ਚਸ਼ਮਦੀਦ ਗਵਾਹ ਤੇ ਭਾਈਵਾਲ ਸਨ ਮਾਤਾ ਗੰਗਾ ਜੀ।

ਮਾਤਾ ਗੁਜਰੀ ਜੀ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਦੀ ਸੁਪਤਨੀ ਅਤੇ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਾਤਾ ਦੀ ਦੇਣ ਨੂੰ ਕੌਣ ਭੁਲਾ ਸਕਦਾ ਹੈ! ਮਾਤਾ ਜੀ ਨੇ ਲੰਮਾ ਸਮਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨਾਲ ਬਾਬੇ ਬਕਾਲੇ ਵਿਖੇ ਸੇਵਾ ਅਤੇ ਸਿਮਰਨ ਵਾਲਾ ਜੀਵਨ ਬਤੀਤ ਕੀਤਾ। ਆਪ ਬੜੇ ਵੱਡੇ ਜਿਗਰੇ ਵਾਲੇ ਸਨ। ਪਤੀ ਦੇ ਸ਼ਹੀਦ ਸੀਸ ਅੱਗੇ ਸਿਰ ਝੁਕਾ ਕੇ ਇਹੋ ਮੰਗ ਕੀਤੀ ਕਿ ਤੁਹਾਡੀ ਨਿਭ ਆਈ, ਬਖ਼ਸ਼ਿਸ਼ ਕਰਨਾ ਮੇਰੀ ਵੀ ਨਿਭ ਜਾਏ। ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜ਼ੁਲਮ ਵਿਰੁੱਧ ਅਵਾਜ਼ ਉਠਾਈ, ਤਾਂ ਆਪ ਨੇ ਭਰਪੂਰ ਅਸੀਸਾਂ ਦਿੱਤੀਆਂ। ਆਪ ਜੀ ਨੇ ਮਾਤਾ ਨਾਨਕੀ ਜੀ (ਸੱਸ ਮਾਤਾ) ਨਾਲ ਮਿਲ ਕੇ ਮਸੰਦਾਂ ਤੇ ਹੋਰ ਗੁਰੂ-ਘਰ ਦੇ ਦੋਖੀਆਂ ਨੂੰ ਤਾੜਨਾ ਵੀ ਕੀਤੀ। ਠੰਡੇ ਬੁਰਜ ਵਿਚ ਮਾਸੂਮ ਪੋਤਰਿਆਂ ਨੂੰ ਨਿਰਭੈਤਾ ਦਾ ਪਾਠ ਪੜ੍ਹਾਇਆ ਤੇ ਸਿੱਖੀ ਵਿਚ ਪ੍ਰਪੱਕ ਕੀਤਾ। ਆਪ ਜੀ ਨੇ ਸ਼ਹਾਦਤ ਪ੍ਰਾਪਤ ਕਰ ਕੇ ਸਿੱਖ ਇਤਿਹਾਸ ਵਿਚ ਪਹਿਲੀ ਇਸਤਰੀ ਸ਼ਹੀਦ ਹੋਣ ਦਾ ਮਾਣ ਪ੍ਰਾਪਤ ਕੀਤਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੁਪਤਨੀ ਮਾਤਾ ਸੁੰਦਰੀ ਜੀ ਨੇ ਖਾਲਸਾ ਪੰਥ ਦੀ ਸਰਬਾਂਗੀ ਰਹਿਨੁਮਾਈ ਕੀਤੀ। ਮਾਤਾ ਜੀ ਦਾ ਯੋਗਦਾਨ ਸਿੱਖ ਧਰਮ ਦੇ ਪ੍ਰਸਾਰ ਵਿਚ ਅਹਿਮ ਸਥਾਨ ਰੱਖਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤ ਸਮਾਉਣ ਤੋਂ ਬਾਅਦ ਲੰਮਾ ਸਮਾਂ ਖਾਲਸਾ ਪੰਥ ਦੀ ਸਫਲ ਰਹਿਨੁਮਾਈ ਕਰ ਕੇ ਅਗਵਾਈ ਦੀ ਪਰੰਪਰਾ ਵਿਚ ਇਕ ਨਵਾਂ ਮੀਲ-ਪੱਥਰ ਕਾਇਮ ਕੀਤਾ। ਆਪ ਜੀ ਦਾ ਸਮੁੱਚਾ ਜੀਵਨ ਸੰਘਰਸ਼ਾਂ ਵਿਚ ਗੁਜ਼ਰਿਆ। ਆਪ ਜੀ ਨੇ ਸਿੱਖਾਂ ਦੇ ਨਾਂ 'ਤੇ ਹੁਕਮਨਾਮੇ ਵੀ ਜਾਰੀ ਕੀਤੇ। ਆਪ ਜੀ ਦਾ ਸਮੁੱਚਾ ਜੀਵਨ ਅਣਖ, ਨਿਰਭੈਤਾ, ਭਗਤੀ, ਸ਼ਕਤੀ, ਉੱਚ-ਆਚਰਨ ਅਤੇ ਦਾਨਸ਼ਮੰਦੀ ਦਾ ਪ੍ਰਤੀਕ ਹੈ। ਮਾਤਾ ਜੀ ਦਾ ਜੀਵਨ ਸਾਡੇ ਸਾਰਿਆਂ ਲਈ ਪਰਮ-ਸਨਮਾਨਯੋਗ ਅਤੇ ਪ੍ਰੇਰਨਾਦਾਇਕ ਹੈ।

ਸਿੱਖ ਪੰਥ ਦੀ ਨੁਹਾਰ ਬਦਲਣ ਵਿਚ ਤੇ ਉਸ ਦੀ ਸਥਾਪਤੀ ਵਿਚ ਗੁਰੂ-ਮਹਿਲਾਂ ਦੀ ਉਚੇਰੀ ਭੂਮਿਕਾ ਰਹੀ ਹੈ। ਸਿੱਖ ਪਰੰਪਰਾ ਵਿਚ ਇਤਿਹਾਸਿਕ ਸਰੋਤਾਂ ਦੇ ਮੁਤਾਬਿਕ ਉਨ੍ਹਾਂ ਦਾ ਆਪਣਾ ਇਕ ਨਿਵੇਕਲਾ ਤੇ ਵਿਲੱਖਣ ਰੁਤਬਾ ਹੈ।

■

# ੧੬ ਫਰਵਰੀ ਤੋਂ ੧੫ ਮਾਰਚ ਵਿਚਲੇ ਇਤਿਹਾਸਕ ਦਿਹਾੜੇ

*-ਪ੍ਰੋ. ਪਿਆਰਾ ਸਿੰਘ 'ਪਦਮ'*

ਭਾਰਤੀ ਵਿਚਾਰਧਾਰਾ ਦੇ ਪ੍ਰਵਾਹ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਦਾ ਇਸ ਲਈ ਪ੍ਰਮੁੱਖ ਅਸਥਾਨ ਹੈ ਕਿ ਭਗਤੀ ਲਹਿਰ ਦੀ ਸਾਰੀ ਧਰਮ-ਸਾਧਨਾ ਦਾ ਸਾਰ ਸਰੂਪ ਤੱਤ ਗਿਆਨ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਕੱਤਰ ਕਰ ਦਿੱਤਾ ਗਿਆ ਹੈ। ਭਾਵੇਂ ਕਈ ਸੰਸਕ੍ਰਿਤ ਗ੍ਰੰਥ ਵੀ ਪਰਮਾਰਥਕ ਗਿਆਨ ਦੀਆਂ ਅਮੋਲਕ ਵਿਚਾਰਾਂ ਨਾਲ ਭਰਪੂਰ ਹਨ ਪਰ ਸੰਸਕ੍ਰਿਤ ਦੇ ਲੋਕ-ਭਾਸ਼ਾ ਨਾ ਰਹਿਣ ਕਾਰਨ ਉਨ੍ਹਾਂ ਦਾ ਸੰਬੰਧ ਤੇ ਪ੍ਰਭਾਵ ਉਤਨਾ ਨਹੀਂ ਰਿਹਾ। ਕੁਝ ਕੁ ਗਿਣਤੀ ਦੇ ਸੰਸਕ੍ਰਿਤਵੇਤਾ ਵਿਦਵਾਨ ਤਾਂ ਉਸ ਤੋਂ ਲਾਹਾ ਲੈ ਸਕਦੇ ਹਨ ਪਰੰਤੂ ਆਮ ਲੋਕਾਂ ਲਈ ਉਹ ਬਿਖਮ ਰਚਨਾਵਾਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਸੰਤ ਭਾਸ਼ਾ ਵਿਚ ਹੈ ਜੋ ਕਿ ਹਿੰਦੁਸਤਾਨ-ਭਰ ਵਿਚ ਸਮਝੀ ਜਾਣ ਵਾਲੀ ਭਾਸ਼ਾ ਰਹੀ ਹੈ ਤੇ ਜਿਸ ਨੂੰ ਰਮਤੇ ਸੰਤਾਂ-ਸਾਧੂਆਂ ਅਤੇ ਫ਼ਕੀਰਾਂ-ਦਰਵੇਸ਼ਾਂ ਮਾਂਜ-ਸਵਾਰ ਕੇ ਲੋਕ ਪ੍ਰਿਯ ਬਣਾਇਆ ਹੈ। ਅਜਿਹੀ ਸਾਂਝੀ ਤੇ ਸਰਲ ਭਾਸ਼ਾ ਵਿਚ ਰਚਿਆ ਅਧਿਆਤਮ ਗਿਆਨ ਦਾ ਇਹ ਮਹਾਨ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਭਾਰਤ ਭਰ ਵਿਚ ਸਮਝਿਆ ਜਾਣ ਜੋਗਾ ਹੈ। ਸਾਡੇ ਦੇਸ਼ ਦੀ ਕਿਸੇ ਪ੍ਰਾਂਤਕ ਭਾਸ਼ਾ ਵਿਚ ਵੀ ਅਜਿਹੀ ਅਮੋਲਕ ਰਚਨਾ ਹੋਰ ਨਹੀਂ। ਫਿਰ ਇਸ ਵਿਚ ਕੇਵਲ ਪੰਜਾਬ ਦੇ ਗੁਰੂ ਸਾਹਿਬਾਨ ਦੀ ਹੀ ਬਾਣੀ ਨਹੀਂ ਬਲਕਿ ਭਾਰਤ ਦੇ ਪ੍ਰਸਿੱਧ ਸੰਤਾਂ-ਮਹਾਂਪੁਰਸ਼ਾਂ ਦੇ ਬਚਨ ਚੁਣ-ਚੁਣ ਕੇ ਸ਼ਾਮਿਲ ਕੀਤੇ ਗਏ ਹਨ, ਇਹ ਗੱਲ ਇਸ ਦੀ ਵਿਆਪਕਤਾ, ਸਮਰੱਥਾ ਤੇ ਸ਼ਕਤੀ ਵਿਚ ਵਾਧਾ ਕਰਦੀ ਹੈ। ਅਜਿਹੇ ਸੰਕਲਨ ਦਾ ਵੱਡਾ ਆਧਾਰ ਵਿਚਾਰਧਾਰਾ ਦੀ ਸਾਂਝ ਸੀ। ਇਸ ਦੇ ਸੰਗ੍ਰਹਿਕਾਰ ਗੁਰੂ ਸਾਹਿਬ ਨੂੰ ਜ਼ਿੰਦਗੀ ਨੂੰ ਸ਼ਕਤੀ ਬਖਸ਼ਣ ਵਾਲਾ ਜੋ ਵੀ ਰੂਹਾਨੀ ਬਚਨ ਪ੍ਰਾਪਤ ਹੋਇਆ ਚਾਹੇ ਉਹ ਬੰਗਾਲ ਜਾਂ ਮਹਾਂਰਾਸ਼ਟਰ ਦੇ ਸੰਤ ਦਾ ਸੀ, ਚਾਹੇ ਰਾਜਸਥਾਨ ਜਾਂ ਉੱਤਰ ਪ੍ਰਦੇਸ਼ ਦੇ ਮਹਾਤਮਾ ਦਾ, ਉਹ ਸਭ ਇਸ ਮਾਲਾ ਵਿਚ ਪ੍ਰੋ ਦਿੱਤਾ ਗਿਆ ਹੈ। ਗੁਰੂ ਸਾਹਿਬਾਨ ਜ਼ਿੰਦਗੀ ਦਾ ਸੰਜੋਗ ਰਚਣ ਆਏ ਸਨ, ਉਨ੍ਹਾਂ ਇਸ ਸੰਕਲਨ ਦੁਆਰਾ ਭਾਰਤ ਭਰ ਦੇ ਸੰਤਾਂ ਦਾ ਸੰਜੋਗ ਸਾਜ ਕੇ ਇਕ ਆਦਰਸ਼ ਸਥਾਪਤ ਕੀਤਾ ਤਾਂ ਕਿ ਸੱਭੇ ਪ੍ਰੇਮਾ-ਭਗਤੀ ਰਾਹੀਂ ਪ੍ਰਭੂ-ਸੰਜੋਗ ਪ੍ਰਾਪਤ ਕਰ ਸਕਣ। ਇਸੇ ਲਈ ਉਨ੍ਹਾਂ ਦਾ ਸਦਾ ਸਭ ਪ੍ਰਤੀ ਸਾਂਝਾ ਸੱਦਾ ਸੀ:

ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ॥
ਮਿਲਿ ਕੈ ਕਰਹ ਕਹਾਣੀਆ ਸੰਮ੍ਰਥ ਕੰਤ ਕੀਆਹ॥ (ਪੰਨਾ ੧੭)

ਭਗਤੀ ਲਹਿਰ ਤੇ ਗੁਰੂ ਸਾਹਿਬਾਨ ਦਾ ਪ੍ਰੇਮ-ਮਾਰਗ ਦਾਰਸ਼ਨਿਕ ਨਿਖੇੜੇ ਜਾਂ ਵਿਸ਼ਲੇਸ਼ਣ 'ਤੇ ਆਧਾਰਤ ਨਹੀਂ ਬਲਕਿ ਭਾਵਾਤਮਕ ਏਕਤਾ ਉਸ ਦਾ ਮੂਲ ਆਧਾਰ ਸੀ। ਇਨ੍ਹਾਂ ਰਹੱਸਵਾਦੀ ਮਹਾਂਪੁਰਸ਼ਾਂ ਦੇ ਸਨਮੁਖ ਆਦਰਸ਼ ਵੀ ਇਹੋ ਸੀ ਕਿ ਜ਼ਿੰਦਗੀ ਦਾ ਪਰਮੇਸ਼ਰ ਨਾਲ ਸੰਜੋਗ ਕੀਤਾ ਜਾਵੇ ਤੇ ਮਨੁੱਖਾਂ ਦਾ ਪਰਸਪਰ ਸੰਯੋਗ ਸਿਰਜਿਆ ਜਾਵੇ। 'ਸਗਲ ਸੰਗਿ ਹਮ ਕਉ ਬਨਿ ਆਈ' ਦਾ ਇਹੋ ਭਾਵ ਸੀ। ਇਸੇ ਲਈ ਬਾਣੀ ਦੀ ਰਾਗਾਂ ਅਨੁਸਾਰ ਵਿਉਂਤਬੰਦੀ ਕੀਤੀ ਗਈ ਤਾਂ ਕਿ ਸੰਗੀਤਕ ਪ੍ਰਭਾਵ ਸਾਡੇ ਜਜ਼ਬਿਆਂ ਨੂੰ ਟੁੰਬਣ ਲਈ ਵਧੇਰੇ ਸਮਰੱਥ ਹੋ ਸਕੇ। ਇਹ ਠੀਕ ਹੈ ਕਿ ਮਨੁੱਖ ਵਿਚਾਰਸ਼ੀਲ ਪ੍ਰਾਣੀ ਹੈ ਪਰ ਆਮ ਤੌਰ 'ਤੇ ਭਾਵਾਂ ਦੇ ਝੁਕਾਅ ਹੀ ਇਸ ਨੂੰ ਤੋਰਦੇ ਰਹਿੰਦੇ ਹਨ ਤੇ ਗਿਆਨ ਸ਼ਕਤੀ ਦਾ ਪ੍ਰਯੋਗ ਵੀ ਤਾਂ ਇਹ ਉਨ੍ਹਾਂ ਨੂੰ ਠੀਕ ਸਿੱਧ ਕਰਨ ਲਈ ਹੀ ਕਰਦਾ ਰਹਿੰਦਾ ਹੈ। ਸੋ ਗਿਆਨ ਸਭ ਕੁਝ ਨਹੀਂ। ਜੀਵਨ-ਪਰਿਵਰਤਨ ਲਈ ਮਨੁੱਖ ਦੇ ਜਜ਼ਬਿਆਂ ਭਾਵਾਂ ਦਾ ਵਸੀਕਰਣ ਜ਼ਰੂਰੀ ਹੈ, ਇਨ੍ਹਾਂ ਨੂੰ ਪ੍ਰਭਾਵਿਤ ਕਰ ਕੇ ਹੀ ਮਨ ਨੂੰ ਪਰਮਾਰਥ ਵੱਲ ਲਾਇਆ ਜਾ ਸਕਦਾ ਹੈ। ਸੋ ਜੇਕਰ ਜੀਵਨ, ਭਾਵ-ਪ੍ਰਧਾਨ ਹੈ, ਸੁਭਾਵ ਆਸਰੇ ਚੱਲਦਾ ਹੈ ਤਾਂ ਇਸ ਵਿਚ ਤਬਦੀਲੀ ਲਿਆਉਣ ਲਈ ਮਾਨਸਿਕ ਕਾਇਆ-ਕਲਪ ਜ਼ਰੂਰੀ ਹੈ ਤੇ ਉਹ ਨਾਮ ਸਿਮਰਨ ਦੁਆਰਾ ਹੀ ਸੰਭਵ ਹੈ। ਇਸੇ ਕਰਕੇ ਗੁਰੂ ਸਾਹਿਬਾਨ ਬਾਣੀ ਦੀ ਤਰਤੀਬ ਸੰਗੀਤ ਨੂੰ ਮੁੱਖ ਰੱਖ ਕੇ ਕੀਤੀ ਹੈ। ਗੁਰੂ ਸਾਹਿਬਾਨ ਦਰਸ਼ਨ-ਸ਼ਾਸਤਰ ਨਹੀਂ ਸੀ ਲਿਖ ਰਹੇ, ਜੀਵਨ-ਸ਼ਾਸਤਰ ਤਿਆਰ ਕਰ ਰਹੇ ਸਨ ਇਸ ਲਈ ਉਨ੍ਹਾਂ ਭਾਵ ਮੰਡਲ ਨੂੰ ਸੁਆਰਨ

ਲਈ ਯਥਾਯੋਗ ਯਤਨ ਕੀਤੇ।

ਪੁਰਾਣੇ ਜ਼ਮਾਨੇ ਦੇ ਧਾਰਮਿਕ ਗਿਆਨ ਵਿਚ ਪਰਮੇਸ਼ਰ ਦੀ ਪ੍ਰਾਪਤੀ ਲਈ ਪ੍ਰਵਾਨਿਤ ਤਰੀਕੇ- ਗਿਆਨ ਮਾਰਗ, ਕਰਮ ਮਾਰਗ ਤੇ ਉਪਾਸ਼ਨਾ ਮਾਰਗ ਸਨ ਤੇ ਪਰਮਾਰਥ ਵਾਲੇ ਪਾਸੇ ਜਾਣ ਲਈ ਸੰਸਾਰ ਤਿਆਗ ਵੀ ਇਕ ਜ਼ਰੂਰੀ ਸ਼ਰਤ ਸੀ। ਲੇਕਿਨ ਗੁਰੂ ਸਾਹਿਬ ਨੇ ਕਿਸੇ ਇਕ ਪੱਧਤੀ ਦਾ ਅਨੁਸਰਣ ਨਹੀਂ ਕੀਤਾ ਬਲਕਿ ਗਿਆਨ, ਕਰਮ ਤੇ ਉਪਾਸ਼ਨਾ ਦਾ ਸੁਜਿੰਦ ਭਾਗ ਲੈ ਕੇ ਇਕ ਸਾਂਝਾ ਮਾਰਗ 'ਨਾਮ ਮਾਰਗ' ਪ੍ਰਚੱਲਤ ਕੀਤਾ। ਉਹ ਇਸ ਗੱਲ ਦੇ ਹਾਮੀ ਨਹੀਂ ਸਨ ਕਿ ਕੇਵਲ ਸ਼ਾਸਤਰੀ ਗਿਆਨ ਹੀ ਮਨੁੱਖ ਦਾ ਉਧਾਰ ਕਰ ਸਕਦਾ ਹੈ ਤੇ ਨਾ ਹੀ ਉਹ ਇਹ ਠੀਕ ਮੰਨਦੇ ਸਨ ਕਿ ਕੇਵਲ ਕਰਮਕਾਂਡ ਦੁਆਰਾ ਮਨੁੱਖ ਤੇ ਮਨੁੱਖੀ ਸਮਾਜ ਦਾ ਕਲਿਆਣ ਸੰਭਵ ਹੈ। ਇਸ ਲਈ ਉਨ੍ਹਾਂ ਗਿਆਨ ਯੋਗ ਤੇ ਕਰਮ ਯੋਗ ਦੀ ਸੰਧੀ ਕੀਤੀ ਤੇ ਨਾਲ ਪ੍ਰੇਮਾ-ਭਗਤੀ ਨੂੰ ਤਰਜੀਹ ਦਿੱਤੀ। ਅੱਗੇ ਲੋਕ ਸਮਾਜ ਦੀ ਪਰਵਾਹ ਨਹੀਂ ਸੀ ਕਰਦੇ, ਆਤਮਿਕ ਕਲਿਆਣ ਲਈ ਦੁਨੀਆਂ ਛੱਡਣਾ ਜ਼ਰੂਰੀ ਮੰਨਦੇ ਸਨ। ਪਰੰਤੂ ਗੁਰੂ ਸਾਹਿਬਾਨ ਨੇ ਇਸ ਗੱਲ ਉੱਤੇ ਜ਼ੋਰ ਦਿੱਤਾ ਕਿ ਇਹ ਸੰਸਾਰ ਛੱਡਣਾ ਨਹੀਂ ਚਾਹੀਦਾ ਸਗੋਂ ਇਸ ਵਿਚ ਹੀ ਰਹਿੰਦਿਆਂ ਇਸ ਦੀ ਉਸਾਰੀ ਤੇ ਵਿਕਾਸ ਵਿਚ ਹਿੱਸਾ ਪਾਉਂਦਿਆਂ ਪਰਮਾਰਥ ਵੱਲ ਕਦਮ ਵਧਾਉਣੇ ਹਨ:

ਵਿਚਿ ਦੁਨੀਆ ਸੇਵ ਕਮਾਈਐ॥ ਤਾ ਦਰਗਹ ਬੈਸਣੁ ਪਾਈਐ॥ (ਪੰਨਾ ੨੬)

ਪਰ ਰਹਿਣਾ ਇਉਂ ਨਿਰਲੇਪ ਹੈ ਜਿਵੇਂ ਪਾਣੀ ਵਿਚ ਕੰਵਲ ਜਾਂ ਮੁਰਗਾਬੀ ਰਹਿੰਦੀ ਹੈ:

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ॥
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥ (ਪੰਨਾ ੯੩੮)

ਇਹ ਗੱਲ ਗੁਰੂ ਵਿਚਾਰਧਾਰਾ ਦੀ ਵਿਸ਼ੇਸ਼ ਹੈ ਕਿ ਸਮਾਜਿਕ ਜੀਵਨ ਬਸਰ ਕਰਦਿਆਂ ਫਿਰ ਪਰਮਾਰਥਕ ਸਿਖਰਾਂ ਨੂੰ ਛੋਹਿਆ ਜਾਵੇ:

ਸਤਿਗੁਰ ਕੀ ਐਸੀ ਵਡਿਆਈ॥ ਪੁਤ੍ਰ ਕਲਤ੍ਰ ਵਿਚੇ ਗਤਿ ਪਾਈ॥ (ਪੰਨਾ ੬੬੧)

ਸੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਦੇ ਦੋ ਬੜੇ ਪ੍ਰਮੁੱਖ ਤੇ ਵਿਲੱਖਣ ਪਹਿਲੂ ਹਨ, ਪ੍ਰੇਮਾ-ਭਗਤੀ ਦਾ ਪ੍ਰੇਮ ਤੇ ਤਿਆਗ ਦਾ ਤਿਆਗ। ਇਸ ਤੋਂ ਪਹਿਲਾਂ ਕਈ ਹੋਰ ਵੀ ਗ਼ੈਰ-ਸਿਹਤਮੰਦ ਵਿਚਾਰ ਪ੍ਰਚੱਲਤ ਸਨ ਜੋ ਜ਼ਿੰਦਗੀ ਲਈ ਸਾਰਥਕ ਸਿੱਧ ਨਹੀਂ ਸੀ ਹੋਏ, ਉਨ੍ਹਾਂ ਦਾ ਥਾਂ-ਥਾਂ ਸਪੱਸ਼ਟ ਵਿਰੋਧ ਕੀਤਾ ਗਿਆ ਹੈ। ਜੀਵਨ ਵਿਕਾਸ ਲਈ ਕੀ ਕੁਝ ਕਰਨਯੋਗ ਹੈ ਤੇ ਕੀ ਕੁਝ ਨਾ ਕਰਨਯੋਗ, ਇਨ੍ਹਾਂ ਗੁਣਾਂ ਔਗੁਣਾਂ ਦੀ ਘੋਖ-ਪੜਤਾਲ ਵੀ ਡੂੰਘੀ ਨੀਝ ਨਾਲ ਕੀਤੀ ਗਈ ਹੈ। ਸਦਾਚਾਰ ਸੰਬੰਧੀ ਉਨ੍ਹਾਂ ਦੀ ਵਿਸ਼ੇਸ਼ ਹਦਾਇਤ ਹੈ:

ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥ (ਪੰਨਾ ੭੬੬)

ਇਸ ਤੋਂ ਇਲਾਵਾ ਜੇਕਰ ਪੰਛੀ ਝਾਤ ਦੁਆਰਾ ਸੰਖੇਪ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਦਾ ਸਰੂਪ ਜਾਚਣਾ ਹੋਵੇ ਤਾਂ ਕੁਝ ਕੁ ਵਿਸ਼ੇਸ਼ ਨੁਕਤੇ ਇਉਂ ਅੰਕਿਤ ਕੀਤੇ ਜਾ ਸਕਦੇ ਹਨ:

(੧) ਸਾਰੀ ਸ੍ਰਿਸ਼ਟੀ ਦਾ ਕਰਤਾ-ਪਰਮੇਸ਼ਰ ਇੱਕ ਹੈ ਤੇ ਉਹੋ ਪੂਜਣਯੋਗ ਹੈ, ਹੋਰ ਦੇਵੀ-ਦੇਵਤਿਆਂ ਜਾਂ ਅਵਤਾਰਾਂ ਦੀ ਪੂਜਾ ਯੋਗ ਨਹੀਂ:

ਏਕੋ ਸਿਮਰਹੁ ਭਾਇਰਹੁ ਤਿਸੁ ਬਿਨੁ ਅਵਰੁ ਨ ਕੋਇ॥ (ਪੰਨਾ ੧੦੯੨)

(੨) ਮਨੁੱਖੀ ਜੋਤਿ ਪਰਮ-ਜੋਤਿ ਦੀ ਅੰਸ਼ ਹੈ, ਪ੍ਰਭੂ ਨਾਲ ਮੁੜ ਸੰਜੋਗ ਪ੍ਰਾਪਤ ਕਰਨਾ ਹੀ ਜੀਵਨ-ਮਨੋਰਥ ਹੈ: ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥ (ਪੰਨਾ ੪੪੧)

(੩) ਪਰਮ ਸੱਤ ਦੀ, ਪ੍ਰਾਪਤੀ ਦਾ ਸਾਧਨ ਹਉਮੈ ਮੇਟ ਕੇ ਹੁਕਮ ਨੂੰ ਬੁੱਝਣਾ ਹੈ। ਸੋ 'ਹੁਕਮ ਰਜਾਈ ਚਲਣਾ' ਜਾਂ ਭਾਣਾ ਮੰਨਣਾ ਹੀ ਸੱਚਾ 'ਗਾਡੀ ਰਾਹ' ਹੈ।

(੪) ਇਸ ਗਾਡੀ ਰਾਹ ਦੇ ਪਾਂਧੀ ਬਣਨ ਲਈ ਨਾਮ ਸਿਮਰਨ ਜ਼ਰੂਰੀ ਹੈ, ਸਿਮਰਨ ਦੇ ਵਾਤਾਵਰਣ ਦੁਆਰਾ ਹੀ

ਸਾਡਾ ਮਨ ਭਾਣੇ ਵਿਚ ਚੱਲਣ ਦੇ ਯੋਗ ਹੋ ਸਕਦਾ ਹੈ ਅਤੇ ਸਿਮਰਨ ਦਾ ਵਧੀਆ ਤਰੀਕਾ ਕੀਰਤਨ ਹੈ:

ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥
ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ॥ (ਪੰਨਾ ੬੪੨)

(੫) ਇਸ ਮਾਰਗ ਦਾ ਰਹਿਨੁਮਾ ਸਤਿਗੁਰੂ ਹੈ ਤੇ ਉਹ ਮਾਡਲ ਵੀ। ਉਸੇ ਦੀ ਦੱਸੀ ਸੇਧ 'ਤੇ ਚੱਲ ਕੇ ਪ੍ਰਭੂ ਨਾਲ ਮਿਲਾਪ ਹੋ ਸਕਦਾ ਹੈ ਅਤੇ ਇਹ ਗੁਰੂ, ਬਾਣੀ ਜਾਂ ਸ਼ਬਦ ਹੈ:

-ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ॥ (ਪੰਨਾ ੬੩੫)
-ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥ (ਪੰਨਾ ੯੮੨)

(੬) ਕਿਉਂਕਿ ਮਨੁੱਖ ਭਾਈਚਾਰਕ ਜੀਵ ਹੈ, ਇਸ ਲਈ ਸ੍ਰੇਸ਼ਟ ਸੰਗਤ, ਜੀਵਨ-ਪਰਿਵਰਤਨ ਵਿਚ ਬਹੁਤ ਵੱਡਾ ਰੋਲ ਅਦਾ ਕਰਦੀ ਹੈ। ਇਸ ਲਈ ਚੰਗੇ ਗੁਰਮੁਖਾਂ ਸਾਧੂ ਪੁਰਸ਼ਾਂ ਦੇ ਮੇਲ ਉੱਤੇ ਬਹੁਤ ਜ਼ੋਰ ਦਿੱਤਾ ਗਿਆ ਹੈ, ਸਤਿਸੰਗ ਮਨੁੱਖਾਂ ਦਾ ਇਕੱਠ-ਮਾਤਰ ਨਹੀਂ ਬਲਕਿ ਉਹ ਥਾਂ ਹੈ ਜਿੱਥੇ ਨਾਮ ਦਾ ਵਖਿਆਨ, ਕੀਰਤਨ ਹੁੰਦਾ ਹੈ:

ਸਤਿਸੰਗਤ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥
ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ॥ (ਪੰਨਾ ੭੨)

(੭) ਸੰਸਾਰ ਕਰਮਭੂਮੀ ਹੈ। ਇਸ ਲਈ ਇਥੇ ਕਰਮਯੋਗੀ ਬਣ ਕੇ ਰਹਿਣਾ ਉਚਿਤ ਹੈ, ਇਸ ਨੂੰ ਮਿਥਿਆ ਆਖ ਕੇ ਬਿਰਕਤੀ ਧਾਰਨੀ ਠੀਕ ਨਹੀਂ:

ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥ (ਪੰਨਾ ੧੨੪੫)

(੮) ਹਾਂ, ਮਾਇਆ ਦਾ ਤਿਆਗ ਜ਼ਰੂਰੀ ਹੈ, ਮਾਇਆ ਦਾ ਅਰਥ ਹੈ ਦਵੈਤ ਭਾਵ ਵਾਲੀ ਬਿਰਤੀ, ਇਹ ਦੁਬਿਧਾ ਵਾਲੀ ਬਿਰਤੀ ਕੇਵਲ ਪ੍ਰਭੂ ਵੱਲ ਲਿਵ ਲਾ ਕੇ ਹੀ ਸੋਧੀ ਸੰਵਾਰੀ ਜਾ ਸਕਦੀ ਹੈ:

ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ॥
ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ ਤਿਨੀ ਵਿਚੇ ਮਾਇਆ ਪਾਇਆ॥ (ਪੰਨਾ ੯੨੧)

(੯) ਗੁਣਾਂ ਦਾ ਗ੍ਰਹਿਣ ਤੇ ਔਗੁਣਾਂ ਦਾ ਤਿਆਗ ਸਦਾਚਾਰ ਦਾ ਮੂਲ-ਮੰਤਰ ਹੈ:

ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ॥ (ਪੰਨਾ ੪੧੮)

(੧੦) ਦੇਵ ਪੂਜਾ, ਮੂਰਤੀ ਪੂਜਾ, ਵਰਣ ਮਰਯਾਦਾ, ਜਾਤ-ਪਾਤ, ਤੀਰਥ ਇਸ਼ਨਾਨ, ਸੁਰਗ-ਨਰਕ, ਸੁੱਚ-ਭਿੱਟ, ਸੂਤਕ-ਪਾਤਕ, ਰੋਜ਼ੇ-ਵਰਤ, ਸ਼ਗਨ-ਅਪਸ਼ਗਨ, ਮੰਤ੍ਰ-ਜੰਤ੍ਰ, ਟੂਣੇ-ਤਵੀਤ ਆਦਿ ਸਭ ਭਰਮ-ਕਰਮ ਤਿਆਗਣ ਯੋਗ ਹਨ।

ਪਰਮਾਰਥ ਦੇ ਕਿਹੜੇ ਰਸਤੇ ਠੀਕ ਹਨ, ਕਿਹੜੇ ਗ਼ਲਤ? ਗੁਰੂ ਸਾਹਿਬ ਦੇ ਜ਼ਮਾਨੇ ਚੱਲ ਰਹੀਆਂ ਵਿਚਾਰਧਾਰਾਵਾਂ ਕਿਸ ਤਰ੍ਹਾਂ ਦੀਆਂ ਸਨ ਤੇ ਉਹ ਮਾਨਵ ਜੀਵਨ ਵਿਕਾਸ ਲਈ ਸਾਰਥਕ ਸਨ ਜਾਂ ਨਿਰਾਰਥਕ? ਗੁਣਾਂ-ਔਗੁਣਾਂ ਦਾ ਸਵਿਸਤ੍ਰਿਤ ਨਿਰਣਾ ਕੀ ਹੈ, ਜਿਸ ਨੇ ਸਾਡੇ ਸਦਾਚਾਰ ਦਾ ਅਧਾਰ ਬਣਨਾ ਹੈ। ਇਹ ਜਾਇਜ਼ਾ ਤਾਂ ਹੀ ਲਿਆ ਜਾ ਸਕਦਾ ਹੈ ਜੇਕਰ ਵਿਸ਼ੇ ਅਨੁਸਾਰ ਗੁਰਬਾਣੀ ਦੇ ਵਿਸ਼ੇਸ਼ ਬਚਨਾਂ ਨੂੰ ਇਕ ਥਾਂ ਇਕੱਠਿਆਂ ਵਾਚਿਆ ਜਾਵੇ, ਇਸ ਨਾਲ ਹੀ ਹਰ ਵਿਚਾਰ ਤੇ ਹਰ ਲੇਖ ਪ੍ਰਤੱਖ ਮੂਰਤੀਮਾਨ ਹੋ ਸਕਦਾ ਹੈ।

ਸੋ, ਲੋੜ ਹੈ ਸਿੱਖ ਦਰਸ਼ਨ ਦੀ ਸਥਾਪਨਾ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਮੁੱਚੇ ਰੂਪ ਵਿਚ ਵਿਚਾਰਿਆ ਜਾਵੇ।

(ਗੁਰਮਤਿ ਪ੍ਰਕਾਸ਼ ਫਰਵਰੀ ੨੦੦੮ ਵਿਚੋਂ)

# ੧੬ ਫਰਵਰੀ ਤੋਂ ੧੫ ਮਾਰਚ ਵਿਚਲੇ ਇਤਿਹਾਸਕ ਦਿਹਾੜੇ

੧੬ ਫਰਵਰੀ ਤੋਂ ੧੫ ਮਾਰਚ ਵਿਚਲੇ ਇਤਿਹਾਸਕ ਦਿਹਾੜੇ

*-ਸ. ਕਿਰਪਾਲ ਸਿੰਘ**

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਮਗਰੋਂ, ਉਸ ਦੇ ਵਾਰਸਾਂ ਅਤੇ ਗੱਦੀਨਸ਼ੀਨਾਂ ਵਿਚਕਾਰ ਚੱਲੀ ਦਸ ਸਾਲਾ ਖਾਨਾਜੰਗੀ ਨਾਲ ਜਿਥੇ ਖਾਲਸਾ ਰਾਜ ਦਾ ਅੰਤ ਹੋ ਗਿਆ, ਉਥੇ ਸਿੱਖਾਂ ਦੀ ਰਾਜਨੀਤੀ ਵੀ ਅੰਗਰੇਜ਼ਾਂ ਦੀ ਗੁਲਾਮ ਬਣ ਕੇ ਰਹਿ ਗਈ। ਇਤਿਹਾਸ ਵਿਚ ਅਸੀਂ ਵੇਖਦੇ ਹਾਂ ਕਿ ਆਪਣੇ ਆਪ ਨੂੰ ਸਿੱਖ ਰਿਆਸਤਾਂ ਅਖਵਾਉਣ ਵਾਲੀਆਂ ਫੂਲਕੀਆ ਰਿਆਸਤ ਤਾਂ ਬਹੁਤ ਚਿਰ ਪਹਿਲਾਂ ਹੀ ਗੋਡੇ ਟੇਕ ਕੇ ਅੰਗਰੇਜ਼ਾਂ ਅੱਗੇ ਆਤਮ ਸਮਰਪਣ ਕਰ ਚੁੱਕੀਆਂ ਸਨ। ਇਸ ਦਾ ਅਸਰ ਸਿੱਖਾਂ ਦੀ ਮਾਨਸਿਕਤਾ 'ਤੇ ਬਹੁਤ ਗਹਿਰਾ ਹੋਇਆ। ਹੁਣ ਅੰਗਰੇਜ਼ਾਂ ਦੇ ਦਿਲਾਂ ਨੂੰ ਸਿੱਖਾਂ ਦੁਆਰਾ ਕੀਤੇ ਜਾਂਦੇ ਕਿਸੇ ਸੰਭਾਵੀ ਗਦਰ ਦਾ ਭੈਅ ਖਾਣ ਲੱਗਾ ਸੀ। ਇਸ ਤੋਂ ਨਿਜਾਤ ਪਾਉਣ ਲਈ ਉਨ੍ਹਾਂ ਚੁਣਿੰਦਾ ਸਿੱਖ ਘਰਾਣਿਆਂ ਅਤੇ ਸਰਦਾਰਾਂ ਨੂੰ ਹਰ ਤਰੀਕੇ ਨਾਲ ਆਪਣੇ ਨਾਲ ਗੰਢਣ ਦਾ ਕੰਮ ਆਰੰਭ ਕੀਤਾ। 'ਸਰਦਾਰ ਬਹਾਦਰ', 'ਰਾਏ ਬਹਾਦਰ', 'ਰਾਏ ਸਾਹਿਬ', 'ਆਨਰੇਰੀ ਮੈਜਿਸਟ੍ਰੇਟ ਸਾਹਿਬ', 'ਸਰਕਾਰੀਏ' ਆਦਿ ਖਿਤਾਬ ਅਤੇ ਵੱਡੀਆਂ ਵੱਡੀਆਂ ਜਾਗੀਰਾਂ ਦੇ ਕੇ ਉਨ੍ਹਾਂ ਨੂੰ ਇਸ ਲਈ ਮਾਲਾ-ਮਾਲ ਕੀਤਾ ਤਾਂ ਕਿ ਉਹ ਸਿੱਖਾਂ ਦੇ ਦਿਲਾਂ ਅੰਦਰੋਂ ਆਪਣੇ ਖੁੱਸੇ ਰਾਜ ਨੂੰ ਵਾਪਸ ਲੈਣ ਦਾ ਖਿਆਲ ਕੱਢਣ ਵਿਚ ਕਾਮਯਾਬ ਹੋ ਸਕਣ।

ਅੰਗਰੇਜ਼ਾਂ ਦੀ ਇਹ ਯੋਜਨਾ ਸਫਲ ਹੋਈ। ਅੰਗਰੇਜ਼ ਟੋਡੀਆਂ ਨੇ ਆਪਣੇ ਆਕਾਵਾਂ ਦੀ ਲੋੜ ਤੋਂ ਵੱਧ ਮਦਦ ਕੀਤੀ। ਪਰ ਆਮ ਸਿੱਖਾਂ ਦੇ ਦਿਲਾਂ ਅੰਦਰੋਂ ਅੰਗਰੇਜ਼ ਵਿਰੋਧੀ ਭਾਵਨਾ ਖਤਮ ਨਾ ਹੋ ਸਕੀ ਅਤੇ ਇਹ ਕਿਸੇ ਨਾ ਕਿਸੇ ਰੂਪ ਵਿਚ ਜ਼ਾਹਰ ਵੀ ਹੁੰਦੀ ਰਹੀ। ਉਨ੍ਹਾਂ ਸਿੱਖਾਂ ਦੀ ਰਾਜਨੀਤੀ 'ਤੇ ਕਬਜ਼ਾ ਕਰਨ ਤੋਂ ਬਾਅਦ ਹੁਣ ਉਨ੍ਹਾਂ ਦੇ ਧਰਮ ਅਸਥਾਨਾਂ 'ਤੇ ਆਪਣੇ ਚਾਪਲੂਸ ਅਤੇ ਪਿਛਲੱਗ ਮਹੰਤਾਂ ਅਤੇ ਪੁਜਾਰੀਆਂ ਰਾਹੀਂ ਸਿੱਖ ਧਰਮ ਨੂੰ ਤਹਿਸ-ਨਹਿਸ ਕਰਨ ਦਾ ਬੀੜਾ ਉਠਾਇਆ। ਇਸ ਗੱਲ ਦਾ ਸਬੂਤ ਪੰਜਾਬ ਦੇ ਲੈਫਟੀਨੈਂਟ ਗਵਰਨਰ ਈਜਰਟਨ ਵਲੋਂ ਸੰਨ ੧੮੮੧ ਵਿਚ ਆਪਣੇ ਆਕਾ ਲਾਰਡ ਰਿਪਨ ਨੂੰ ਲਿਖਿਆ ਉਹ ਪੱਤਰ ਹੈ, ਜਿਸ ਵਿਚ ਇਹ ਸੁਝਾਉ ਦਿੱਤਾ ਗਿਆ ਸੀ ਕਿ ਸਿੱਖਾਂ ਦੇ ਗੁਰਦੁਆਰਿਆਂ ਦਾ ਪ੍ਰਬੰਧ ਅਜਿਹੀ ਕਮੇਟੀ ਪਾਸ ਨਾ ਹੋਵੇ, ਜੋ ਸਰਕਾਰੀ ਕੰਟਰੋਲ ਤੋਂ ਮੁਕਤ ਹੋਵੇ। ਦੂਜੇ ਸ਼ਬਦਾਂ ਵਿਚ ਗੁਰਦੁਆਰਿਆਂ ਦਾ ਕੰਟਰੋਲ ਸਿੱਖਾਂ ਦੀ ਕਿਸੇ ਆਜ਼ਾਦ ਜਥੇਬੰਦੀ ਹੱਥ ਆ ਜਾਣ ਨਾਲ ਅੰਗਰੇਜ਼ਾਂ ਨੂੰ ਇਸ ਖਿੱਤੇ ਵਿਚ ਕਿਸੇ ਸੰਭਾਵੀ ਰਾਜਸੀ ਲਹਿਰ ਉਭਰਣ ਦਾ ਖਤਰਾ ਸੀ, ਜਿਸ ਨਾਲ ਉਨ੍ਹਾਂ ਦਾ ਰਾਜ ਅਸਥਿਰ ਹੁੰਦਾ ਸੀ। ਅੰਗਰੇਜ਼ਾਂ ਦੀ ਭਰਪੂਰ ਹਮਾਇਤ ਪ੍ਰਾਪਤ ਮਹੰਤਾਂ, ਪੁਜਾਰੀਆਂ ਅਤੇ ਸਰਬਰਾਹਾਂ ਨੇ ਗੁਰੂ ਦੀ ਗੋਲਕ ਦੀ ਖੂਬ ਲੁੱਟ ਕੀਤੀ ਅਤੇ ਸਿੱਖ ਧਰਮ ਦੇ ਮੁੱਢਲੇ ਸਿਧਾਂਤਾਂ ਨੂੰ ਪਾਸੇ ਰੱਖ ਕੇ ਆਪਣੇ ਵਲੋਂ ਬਣਾਏ ਗਏ ਅਸੂਲ ਅਤੇ ਮਰਯਾਦਾ ਲਾਗੂ ਕੀਤੀਆਂ। ਗੁਰਦੁਆਰਿਆਂ ਵਿਚ ਆਉਣ ਵਾਲੇ ਸ਼ਰਧਾਲੂਆਂ ਨਾਲ ਜਾਤ-ਪਾਤ ਅਤੇ ਸ਼੍ਰੇਣੀ ਵੰਡ ਦੇ ਹਿਸਾਬ ਨਾਲ ਵਰਤਾਰਾ ਹੋਣਾ ਸ਼ੁਰੂ ਹੋ ਗਿਆ। ਇਸ ਸਭ ਕੁਝ ਨੂੰ ਸਿੱਖਾਂ ਨੇ ਜ਼ਿਆਦਾ ਦੇਰ ਬਰਦਾਸ਼ਤ ਨਾ ਕੀਤਾ ਅਤੇ ਇਸ ਦੇ ਖਿਲਾਫ ਆਵਾਜ਼ ਬੁਲੰਦ ਕਰਨੀ ਸ਼ੁਰੂ ਕਰ ਦਿੱਤੀ ਅਤੇ ਇਹ ਆਵਾਜ਼ ਗੁਰਦੁਆਰਾ ਸੁਧਾਰ ਲਹਿਰ ਦਾ ਰੂਪ ਧਾਰਨ ਕਰ ਗਈ। ਗੁਰਦੁਆਰਾ ਬਾਬੇ ਦੀ ਬੇਰ, ਸਿਆਲਕੋਟ ਦੇ ਮੋਰਚੇ ਵਿਚ ਜਿਥੇ ਸਿੱਖਾਂ ਦੀ ਜਿੱਤ ਹੋਈ, ਉਥੇ ਉਨ੍ਹਾਂ ਨੂੰ ਸ. ਅਮਰ ਸਿੰਘ ਅਤੇ ਸ. ਜਸਵੰਤ ਸਿੰਘ ਝਬਾਲ ਅਤੇ ਬਾਬਾ ਖੜਕ ਸਿੰਘ ਵਰਗੇ ਆਗੂ ਮਿਲ ਗਏ। ੬ ਅਕਤੂਬਰ, ੧੯੨੦ ਨੂੰ ਅੰਗਰੇਜ਼ ਕਮਿਸ਼ਨਰ ਮਿਸਟਰ ਕਿੰਗ ਨੇ ਖੁਦ ਸਿਆਲਕੋਟ ਆ ਕੇ ਇਹ ਗੱਲ ਮੰਨੀ ਕਿ 'ਸਰਕਾਰ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖਲ ਨਹੀਂ ਦੇਣਾ ਚਾਹੁੰਦੀ।' ਇਸ ਮੋਰਚੇ ਦੀ ਕਾਮਯਾਬੀ ਨਾਲ ਸਿੱਖ ਰਾਜਨੀਤੀ ਵਿਚ ਵੀ ਇਕ ਨਵੀਂ ਕਰਵਟ ਆਈ।

*ਸਾਬਕਾ ਰੀਸਰਚ ਸਕਾਲਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ।

ਇਸ ਘਟਨਾ ਤੋਂ ਪਹਿਲਾਂ ਭਾਵੇਂ ਕਿਤਨੇ ਹੀ 'ਖਾਲਸਾ ਦੀਵਾਨ' ਵੱਖ-ਵੱਖ ਇਲਾਕਿਆਂ ਵਿਚ ਆਪਣੀ ਹੋਂਦ ਬਣਾਈ ਬੈਠੇ ਸਨ, ਪਰ ਉਨ੍ਹਾਂ ਵਿਚੋਂ ਬਹੁਤਿਆਂ 'ਤੇ ਕਾਬਜ਼ ਸਿਰਫ ਉਹੀ ਵਿਅਕਤੀ ਸਨ ਜਿਨ੍ਹਾਂ ਦੀ ਸਰਕਾਰੇ-ਦਰਬਾਰੇ ਪੁੱਛ ਪ੍ਰਤੀਤ ਸੀ। ਇਹ ਸਿੱਖਾਂ ਦੀ ਰਈਸ ਅਤੇ ਅਮੀਰ ਸ਼੍ਰੇਣੀ ਸੀ। ਕੌਮ ਦੇ ਹੱਕਾਂ ਵਾਸਤੇ ਮੋਰਚੇ ਲਾਉਣਾ ਅਤੇ ਕੁਰਬਾਨੀ ਕਰਨਾ ਇਨ੍ਹਾਂ ਦੇ ਵੱਸ ਦੀਆਂ ਗੱਲਾਂ ਨਹੀਂ ਸਨ, ਕਿਉਂਕਿ ਇਨ੍ਹਾਂ ਦਾ ਰਿਸ਼ਤਾ ਆਮ ਸਿੱਖਾਂ ਨਾਲ ਨਾ-ਮਾਤਰ ਹੀ ਸੀ ਅਤੇ ਇਨ੍ਹਾਂ ਵਿਚ ਬਹੁਤੇ ਤਾਂ ਅੰਗਰੇਜ਼ ਭਗਤ ਅਤੇ ਸਰਕਾਰ ਦੇ ਜੀ-ਹਜ਼ੂਰੀਏ ਹੀ ਸਨ। ਇਨ੍ਹਾਂ ਨਾਲੋਂ ਸਥਾਨਕ ਸਿੰਘ ਸਭਾਵਾਂ ਜ਼ਿਆਦਾ ਅਸਰਦਾਰ ਸਨ।

ਅੰਗਰੇਜ਼ੀ ਹਕੂਮਤ ਵਲੋਂ ਸੰਨ ੧੯੧੨ ਵਿਚ ਗੁਰਦੁਆਰਾ ਰਕਾਬ ਗੰਜ ਦਿੱਲੀ ਦੀ ਕੰਧ ਢਾਹ ਦੇਣੀ ਅਤੇ ਸਿੱਖਾਂ ਦੇ ਅਸਰਦਾਰ ਰੋਸ ਨੂੰ ਦੇਖਦਿਆਂ ਮੁੜ ਬਣਾ ਦੇਣ ਦੀ ਗੱਲ ਇਸ ਤੱਥ ਦਾ ਸਬੂਤ ਹੈ ਕਿ ਉਦੋਂ ਸਿੱਖ ਪਹਿਲਾਂ ਨਾਲੋਂ ਜ਼ਿਆਦਾ ਜਥੇਬੰਦ ਹੋ ਚੁੱਕੇ ਸਨ ਅਤੇ ਅੰਗਰੇਜ਼ਾਂ ਨੂੰ ਵੀ ਇਸ ਗੱਲ ਦਾ ਪਤਾ ਲੱਗ ਚੁੱਕਾ ਸੀ ਕਿ ਸਿੱਖ ਆਪਣੇ ਧਾਰਮਿਕ ਮਾਮਲਿਆਂ ਵਿਚ ਉਨ੍ਹਾਂ ਦੀ ਦਖਲ-ਅੰਦਾਜ਼ੀ ਬਰਦਾਸ਼ਤ ਨਹੀਂ ਕਰਨਗੇ। ੧੩ ਅਕਤੂਬਰ ੧੯੨੦ ਨੂੰ ਭਾਈ ਮਹਿਤਾਬ ਸਿੰਘ 'ਬੀਰ' ਦੀ ਅਗਵਾਈ ਵਿਚ ਸ੍ਰੀ ਦਰਬਾਰ ਸਾਹਿਬ ਵਿਚ ਖਾਲਸਾ ਬਰਾਦਰੀ ਵਲੋਂ ਕੜਾਹ ਪ੍ਰਸ਼ਾਦਿ ਦੀ ਦੇਗ ਤਿਆਰ ਕਰਕੇ ਅਤੇ ਵਰਤਾਅ ਕੇ ਧਰਮ ਅਸਥਾਨਾਂ ਵਿਚ ਜਾਤ-ਪਾਤ 'ਤੇ ਅਧਾਰਤ ਊਚ-ਨੀਚ ਦੀ ਭਾਵਨਾ ਅਤੇ ਵਿਵਹਾਰ ਨੂੰ ਖਤਮ ਕਰਨ ਦਾ ਉਪਰਾਲਾ ਕਰਨਾ ਅਤੇ ਪੁਜਾਰੀਆਂ ਦਾ ਉਥੋਂ ਭੱਜ ਜਾਣ ਨਾਲ ਸਿੱਖਾਂ ਦੇ ਸੰਘਰਸ਼ ਨੂੰ ਹੋਰ ਬਲ ਅਤੇ ਜੋਸ਼ ਮਿਲਿਆ। ਸਿੱਖ ਸੰਗਤਾਂ ਨੇ ੧੫ ਨਵੰਬਰ ੧੯੨੦ ਨੂੰ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਇਕ ਭਾਰੀ ਇਕੱਤਰਤਾ ਕਰਕੇ ੧੭੫ ਅੰਮ੍ਰਿਤਧਾਰੀ ਸਿੰਘਾਂ ਦੀ ਇਕ ਪ੍ਰਬੰਧਕ ਕਮੇਟੀ ਬਣਾਈ, ਜਿਸ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਨਾਂ ਦਿੱਤਾ ਗਿਆ ਅਤੇ ਇਸ ਦੀ ਪ੍ਰਧਾਨਗੀ ਸ. ਸੁੰਦਰ ਸਿੰਘ ਮਜੀਠੀਏ ਨੂੰ ਮਿਲੀ (ਭਾਵੇਂ ਸੰਗਤਾਂ ਨੇ ਉਸ ਦੇ ਪ੍ਰਧਾਨ ਬਣਨ 'ਤੇ ਭਾਰੀ ਇਤਰਾਜ਼ ਕੀਤਾ ਸੀ)।

ਇਸ ਘਟਨਾ ਦੇ ਕੁਝ ਹੀ ਚਿਰ ਮਗਰੋਂ ਅਗਾਂਹਵਧੂ ਵਿਚਾਰਾਂ ਵਾਲੇ ਸਿੱਖਾਂ ਨੇ ੧੪ ਦਸੰਬਰ, ੧੯੨੦ ਨੂੰ ਅਕਾਲ ਤਖ਼ਤ ਸਾਹਿਬ 'ਤੇ ਇਕ ਇਕੱਤਰਤਾ ਕਰਕੇ ਸ਼੍ਰੋਮਣੀ ਅਕਾਲੀ ਦਲ ਨਾਂ ਦੀ ਰਾਜਸੀ ਜਥੇਬੰਦੀ ਬਣਾ ਲਈ ਅਤੇ ਇਸ ਦੇ ਪਹਿਲੇ ਪ੍ਰਧਾਨ ਸ. ਸਰਮੁਖ ਸਿੰਘ ਝਬਾਲ ਬਣੇ। ਹੁਣ ਗੁਰਦੁਆਰਾ ਸੁਧਾਰ ਲਹਿਰ ਅਤੇ ਸ਼੍ਰੋਮਣੀ ਅਕਾਲੀ ਦਲ ਇਕ ਸਿੱਕੇ ਦੇ ਦੋ ਪਾਸੇ ਬਣ ਗਏ। ਇਸ ਤੋਂ ਬਾਅਦ ਸਿੱਖ ਸੰਘਰਸ਼ ਇਕ ਨਿਰਣਾਇਕ ਦੌਰ ਵਿਚੋਂ ਗੁਜ਼ਰਿਆ। ਸੰਨ ੧੯੨੦ ਤੋਂ ੨੫ ਦੇ ਵਰ੍ਹਿਆਂ ਦਰਮਿਆਨ ਚੱਲੇ ਸਿੱਖ ਸੰਘਰਸ਼ ਵਿਚ ਪੰਜ ਸੌ ਦੇ ਕਰੀਬ ਸਿੰਘ ਸ਼ਹੀਦ, ੩੦ ਹਜ਼ਾਰ ਦੀ ਗਿਣਤੀ ਜੇਲ੍ਹਾਂ ਵਿਚ ਅਤੇ ਲੱਖਾਂ ਦੇ ਜੁਰਮਾਨੇ ਹੋਏ। ਸਿੱਖਾਂ ਦੀ ਮਜ਼ਬੂਤ ਜਥੇਬੰਦੀ ਅਤੇ ਸੰਘਰਸ਼ ਸਦਕਾ ਹਰ ਵਾਰ ਗੁਰਦੁਆਰਾ ਸੁਧਾਰ ਲਹਿਰ ਜੇਤੂ ਹੋ ਕੇ ਨਿਤਰੀ ਅਤੇ ਹੋਰ ਅੱਗੇ ਨਿਕਲਦੀ ਗਈ।

ਨਨਕਾਣਾ ਸਾਹਿਬ ਦੇ ਸਾਕੇ ਉਪਰੰਤ ੨੧ ਫਰਵਰੀ, ੧੯੨੧ ਦੇ ਦਿਨ ਸਿੱਖਾਂ ਨੂੰ ਭਾਰੀ ਕੁਰਬਾਨੀਆਂ ਸਦਕਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਦੀਆਂ ਚਾਬੀਆਂ ਅਤੇ ਜਥੇਦਾਰ ਕਰਤਾਰ ਸਿੰਘ ਝੱਬਰ ਵਰਗੇ ਬੇ-ਖੌਫ ਲੀਡਰ ਪ੍ਰਾਪਤ ਹੋਏ। ੧੯ ਜਨਵਰੀ, ੧੯੨੨ ਨੂੰ ਜਦੋਂ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਅਕਾਲ ਤਖਤ ਸਾਹਿਬ ਵਿਖੇ ਭਰੇ ਦੀਵਾਨ ਵਿਚ ਸ੍ਰੀ ਦਰਬਾਰ ਸਾਹਿਬ ਦੀਆਂ ਚਾਬੀਆਂ ਮੋੜੀਆਂ, ਉਦੋਂ ਸਿੱਖਾਂ ਨੂੰ ਬਾਬਾ ਖੜਕ ਸਿੰਘ ਵਰਗਾ ਬੇਤਾਜ ਬਾਦਸ਼ਾਹ ਮਿਲ ਗਿਆ। ਫਿਰ ਗੁਰੂ ਕੇ ਬਾਗ ਅਤੇ ਗੰਗਸਰ ਜੈਤੋ ਦੀਆਂ ਗੁਰਦੁਆਰਾ ਸੁਧਾਰ ਲਹਿਰਾਂ ਪਿੱਛੋਂ ਜੇਤੂ ਸਿੱਖ ਸੰਘਰਸ਼ ਨੂੰ ਗੁਰਦੁਆਰਾ ਐਕਟ ੧੯੨੫, ਪ੍ਰਾਪਤ ਹੋਇਆ। ਇਸ ਤਰ੍ਹਾਂ ਸਿੱਖ ਸੰਘਰਸ਼ ਅਤੇ ਰਾਜਨੀਤੀ ਦਾ ਪਹਿਲਾ ਪੜਾਅ ਤੈਅ ਹੋਇਆ।

ਹੁਣ ਅਗਲੇ ਪੜਾਅ ਵਿਚ ਗੁਰਦੁਆਰਾ ਚੋਣਾਂ ਦਾ ਸਿਲਸਿਲਾ ਸ਼ੁਰੂ ਹੋਇਆ ਅਤੇ ਗੁਰਦੁਆਰਾ ਐਕਟ ਤਹਿਤ ਪੰਜਾਬ ਸਰਕਾਰ ਵਲੋਂ ਪਹਿਲੀ ਚੋਣ ੧੮ ਜੂਨ, ੧੯੨੬ ਨੂੰ ਕਰਵਾਈ ਗਈ। ਇਹ ਚੋਣ ਸੰਗਰਾਮ ਬੜਾ ਦਿਲਚਸਪ ਸੀ। ਇਸ ਵਿਚ ਇਕ ਪਾਸੇ ਸ਼੍ਰੋਮਣੀ ਅਕਾਲੀ ਦਲ ਜੋ ਸਮੁੱਚੇ ਸਿੱਖ ਪੰਥ ਦੀ ਅਗਵਾਈ ਕਰਦਾ ਸੀ ਅਤੇ ਦੂਜੇ ਪਾਸੇ ਸਰਦਾਰ ਬਹਾਦਰ ਮਹਿਤਾਬ ਸਿੰਘ ਦਾ ਧੜਾ। ਇਸ ਵਿਚ ਸ਼੍ਰੋਮਣੀ ਅਕਾਲੀ ਦਲ ਦੇ ੮੫ ਉਮੀਦਵਾਰ ਅਤੇ ਸਰਦਾਰ ਬਹਾਦਰ ਪਾਰਟੀ ਦੇ ਸਿਰਫ ੨੬ ਉਮੀਦਵਾਰ ਕਾਮਯਾਬ ਹੋਏ। ਇਸ ਤਰ੍ਹਾਂ ਸਿੱਖਾਂ ਨੇ ਜਮਹੂਰੀ ਤਰੀਕੇ ਨਾਲ ਅੰਗਰੇਜ਼ਾਂ ਅਤੇ ਪਟਿਆਲੇ ਦੇ ਟੋਡੀ 'ਹੁਕਮਰਾਨਾਂ' ਨੂੰ ਹਰਾ ਦਿੱਤਾ ਸੀ।

ਇਸ ਕਮੇਟੀ ਦੀ ਪਹਿਲੀ ਇਕੱਤਰਤਾ ਟਾਊਨ ਹਾਲ, ਅੰਮ੍ਰਿਤਸਰ ਵਿਖੇ ਮਿਤੀ ੪ ਸਤੰਬਰ, ੧੯੨੬ ਨੂੰ ਹੋਈ। ਇਸ ਕਮੇਟੀ ਨੇ ਪਹਿਲੇ ਜੋ ਅਹਿਮ ਮਤੇ ਪਾਸ ਕੀਤੇ, ਉਨ੍ਹਾਂ ਵਿਚੋਂ ਇਕ ਮਤਾ ਇਹ ਵੀ ਸੀ ਕਿ ਗੁਰਦੁਆਰਾ ਐਕਟ, ਪੰਜਾਬ ਦੇ ਨਾਲ ਹਿੰਦੁਸਤਾਨ ਅਤੇ ਰਿਆਸਤਾਂ ਦੇ ਹੋਰ ਇਤਿਹਾਸਕ ਗੁਰਦੁਆਰਿਆਂ 'ਤੇ ਵੀ ਲਾਗੂ ਕੀਤਾ ਜਾਵੇ। ਇਹ ਮਤਾ ਬਹੁਤ ਅਹਿਮ ਸੀ, ਕਿਉਂਕਿ ਇਸ ਦੇ ਲਾਗੂ ਹੋ ਜਾਣ ਨਾਲ ਰਿਆਸਤੀ ਸਿੱਖਾਂ ਦੇ ਧਾਰਮਿਕ ਕੰਮਾਂ ਵਿਚ ਉਥੋਂ ਦੀਆਂ ਹਕੂਮਤਾਂ ਦੀ ਦਖ਼ਲ-ਅੰਦਾਜ਼ੀ ਬੰਦ ਹੋ ਜਾਂਦੀ ਸੀ।

ਪਰ ਪਟਿਆਲੇ ਵਾਲੇ ਹੁਕਮਰਾਨ ਗੁਰਦੁਆਰਾ ਸੁਧਾਰ ਲਹਿਰ ਦੀ ਕਾਮਯਾਬੀ ਨੂੰ ਆਪਣੀ ਹਾਰ ਮੰਨਦੇ ਸਨ ਅਤੇ ਇਸ ਸੋਚ ਸਦਕਾ ਉਨ੍ਹਾਂ ਸਰਦਾਰ ਸੇਵਾ ਸਿੰਘ ਠੀਕਰੀਵਾਲਾ ਨੂੰ ਰਿਹਾਅ ਹੋਣ ਤੋਂ ਬਾਅਦ ਪਟਿਆਲਾ ਰਿਆਸਤ ਵਿਚ ਦਾਖਲ ਹੁੰਦਿਆਂ ਹੀ ਗ੍ਰਿਫਤਾਰ ਕਰ ਲਿਆ ਕਿਉਂਕਿ ਉਸ ਨੇ ਗੁਰਦੁਆਰਾ ਸੁਧਾਰ ਲਹਿਰ ਵਿਚ ਸਰਗਰਮ ਹਿੱਸਾ ਲੈ ਕੇ ਪਟਿਆਲੇ ਦੀ ਹਕੂਮਤ ਖਿਲਾਫ 'ਜੁਰਮ' ਕੀਤਾ ਸੀ। ਉਹ ਅਕਾਲੀਆਂ ਵਲੋਂ ਧਰਮ ਅਸਥਾਨਾਂ ਦੇ ਸੁਧਾਰ ਲਈ ਸ਼ੁਰੂ ਕੀਤੇ ਸੰਘਰਸ਼ ਨੂੰ ਧਰਮ ਦੀ ਆੜ ਹੇਠ ਕੀਤੀਆਂ ਕ੍ਰਾਂਤੀਕਾਰੀ ਅਤੇ ਗਣਤੰਤਰੀ ਭਾਵਨਾਵਾਂ ਮੰਨਦੇ ਸਨ। ਮਹਾਰਾਜਾ ਭੁਪਿੰਦਰ ਸਿੰਘ ਨੇ ਆਲ ਇੰਡੀਆ ਕਾਂਗਰਸ ਦੇ ਜਨਰਲ ਸਕੱਤਰ, ਡਾਕਟਰ ਅਨਸਾਰੀ ਰਾਹੀਂ ਕਾਂਗਰਸ ਦੀ ਵਰਕਿੰਗ ਕਮੇਟੀ ਤੋਂ ਵੀ ਇਸ ਕੰਮ ਲਈ ਹਿਮਾਇਤ ਹਾਸਲ ਕਰ ਲਈ ਸੀ। ਇਸ ਤਰ੍ਹਾਂ ਜਿਥੇ ਉਸ ਨੇ ਇਕ ਪਾਸੇ ਅੰਗਰੇਜ਼ਾਂ ਨੂੰ ਖੁਸ਼ ਕੀਤਾ, ਦੂਜੇ ਪਾਸੇ ਹਿੰਦੁਸਤਾਨ ਦੀ ਬਾ-ਰਸੂਖ ਰਾਜਨੀਤਿਕ ਪਾਰਟੀ ਨੂੰ ਵੀ ਆਪਣੇ ਨਾਲ ਗੰਢੀ ਰੱਖਿਆ। ਇਸ ਦੇ ਜੁਆਬ ਵਿਚ ਸਿੱਖਾਂ ਦੇ ਬੇ-ਤਾਜ ਬਾਦਸ਼ਾਹ ਬਾਬਾ ਖੜਕ ਸਿੰਘ ਨੇ ਮਹਾਰਾਜਾ ਪਟਿਆਲਾ ਨੂੰ ਜੇਲ੍ਹ ਅੰਦਰ ਭੇਜਣ ਅਤੇ ਸ. ਸੇਵਾ ਸਿੰਘ ਠੀਕਰੀਵਾਲਾ ਨੂੰ ਪਟਿਆਲਾ ਰਿਆਸਤ ਦਾ ਪ੍ਰਧਾਨ ਬਣਾਉਣ ਦੀ ਮੰਗ ਕੀਤੀ ਅਤੇ ਇਹ ਵੀ ਕਿਹਾ ਕਿ ਗਣਤੰਤਰੀ ਭਾਵਨਾਵਾਂ ਸਿੱਖ ਧਰਮ ਦੀ ਦੇਣ ਹਨ।

ਸੰਨ ੧੯੨੫-੨੬ ਤੋਂ ਲੈ ਕੇ ੧੯੪੭ ਤੀਕ ਗੁਰਦੁਆਰਾ ਸੁਧਾਰ ਲਹਿਰ ਆਪਣੀ ਚਰਮ ਸੀਮਾ 'ਤੇ ਪਹੁੰਚ ਗਈ ਸੀ। ਇਸ ਸਮੇਂ ਦੌਰਾਨ ਸਿੱਖਾਂ ਦੀਆਂ ਅਨੇਕਾਂ ਸ਼ਹੀਦੀਆਂ ਹੋਈਆਂ, ਜਲਾਵਤਨੀਆਂ ਹੋਈਆਂ, ਜਾਇਦਾਦਾਂ ਜ਼ਬਤ ਹੋਈਆਂ ਪਰ ਇਸ ਸੰਘਰਸ਼ ਵਿਚ ਖੜੋਤ ਨਹੀਂ ਆਈ। ਕਿਉਂਕਿ ਇਸ ਦੀ ਅਗਵਾਈ ਸ਼੍ਰੋਮਣੀ ਅਕਾਲੀ ਦਲ ਦੇ ਹੱਥ ਵਿਚ ਸੀ। ਸੰਨ ੧੯੩੦, ੧੯੩੩, ੧੯੩੬-੧੯੪੪ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਅੰਗਰੇਜ਼ਾਂ ਦੇ ਪਿੱਠੂ ਰਈਸ, ਅਖੌਤੀ ਸਰਦਾਰ ਬਹਾਦਰ, ਅਖੌਤੀ ਖਾਲਸਾ ਦਲੀਏ ਆਦਿ ਸ਼੍ਰੋਮਣੀ ਅਕਾਲੀ ਦਲ ਤੋਂ ਹਮੇਸ਼ਾਂ ਹਾਰਦੇ ਰਹੇ। ਹੁਣ ਤੱਕ ਗੁਰਦੁਆਰਾ ਸੁਧਾਰ ਲਹਿਰ, ਸਿੱਖ ਰਾਜਨੀਤਿਕ ਲਹਿਰ ਬਣ ਚੁੱਕੀ ਸੀ, ਜਿਸ ਵਿਚ ਸਿੱਖਾਂ ਦੀ ਨੁਮਾਇੰਦਗੀ ਸ਼੍ਰੋਮਣੀ ਅਕਾਲੀ ਦਲ ਦੇ ਹੱਥਾਂ ਵਿਚ ਸੀ।

ਸੰਨ ੧੯੪੧ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਰ ਕੁਤਰਨ ਲਈ ਟਿੱਕਾ ਜਗਜੀਤ ਸਿੰਘ (ਬੇਦੀ) ਨੇ ਪੰਜਾਬ ਐਸੰਬਲੀ ਵਿਚ ਗੁਰਦੁਆਰਾ ਐਕਟ ਬਾਰੇ ਇਕ ਸੋਧ ਬਿੱਲ ਪੇਸ਼ ਕੀਤਾ, ਜਿਸ ਅਨੁਸਾਰ ਸ਼੍ਰੋਮਣੀ ਕਮੇਟੀ ਦੇ ਕੰਮਾਂ ਦੀ ਨਿਗਰਾਨੀ ਲਈ ਐਮ.ਐਲ. ਜੋਸ਼, ਚੀਫ ਖਾਲਸਾ ਦੀਵਾਨ, ਸਿੰਘ ਸਭਾਵਾਂ, ਸਿੱਖ ਰਿਆਸਤਾਂ ਦੇ ਪ੍ਰਤੀਨਿਧ ਅਤੇ ਹੋਰ ਕਈ ਪਾਸਿਆਂ ਤੋਂ ਪ੍ਰਤੀਨਿਧਾਂ ਦਾ ਇਕ ਬੋਰਡ ਬਣਾਉਣਾ ਸੀ। ਮਾਸਟਰ ਤਾਰਾ ਸਿੰਘ ਨੇ ਇਸ ਬਿੱਲ ਦਾ ਸਖ਼ਤ ਵਿਰੋਧ ਕੀਤਾ, ਜਿਸ ਦੇ ਸਦਕਾ ਪੰਜਾਬ ਸਰਕਾਰ ਨੂੰ ਇਸ ਪ੍ਰਸਤਾਵਤ ਬਿੱਲ 'ਤੇ ਅਮਲ ਨਾ ਕਰਨ ਦਾ ਫੈਸਲਾ ਲੈਣਾ ਪਿਆ। ਇਸ ਤੋਂ ਮਗਰੋਂ ਜਦੋਂ ਸਿਕੰਦਰ ਬਲਦੇਵ ਸਿੰਘ ਪੈਕਟ ਹੋਇਆ ਤਾਂ ਅਕਾਲੀ ਵੀ ਰਾਜ-ਭਾਗ ਵਿਚ ਸ਼ਾਮਲ ਹੋ ਗਏ। ਗੁਰਦੁਆਰਾ ਐਕਟ ਵਿਚ ਅਹਿਮ ਸੋਧਾਂ ਪ੍ਰਵਾਨ ਹੋਈਆਂ, ਜਿਨ੍ਹਾਂ ਅਨੁਸਾਰ ਅੰਮ੍ਰਿਤਸਰ, ਲਾਹੌਰ, ਤਰਨ ਤਾਰਨ, ਨਨਕਾਣਾ ਸਾਹਿਬ, ਮੁਕਤਸਰ ਅਤੇ ਪੰਜਾ ਸਾਹਿਬ ਆਦਿ ਗੁਰਧਾਮਾਂ ਦਾ ਕੰਟਰੋਲ ਸਿੱਧਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤਹਿਤ ਆ ਗਿਆ ਅਤੇ ਗੁਰਦੁਆਰਾ ਚੋਣਾਂ ਤਿੰਨਾਂ ਸਾਲਾਂ ਦੀ ਬਜਾਏ ਪੰਜਾਂ ਸਾਲਾਂ ਬਾਅਦ ਹੋਣੀਆਂ ਤੈਅ ਹੋਈਆਂ। ਪਰ ਸੰਨ ੧੯੪੭ ਵਿਚ ਦੇਸ਼ ਦੀ ਵੰਡ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਢਾਂਚੇ ਨੂੰ ਬਹੁਤ ਨੁਕਸਾਨ ਹੋਇਆ, ਕਿਉਂਕਿ ਸਿੱਖਾਂ ਦੇ ਬਹੁਤ ਸਾਰੇ ਗੁਰਦੁਆਰੇ ਪਾਕਿਸਤਾਨ ਵਿਚ ਰਹਿ ਗਏ ਸਨ ਅਤੇ ਲਗਪਗ ਸਾਰੀ ਸਿੱਖ ਵਸੋਂ ਉਧਰੋਂ ਉਜੜ ਕੇ ਇਧਰ ਆ ਗਈ ਸੀ। ਉਧਰ ਰਹਿ ਗਏ ਗੁਰਦੁਆਰੇ ਹੁਣ ਉਥੋਂ ਦੀ ਸਰਕਾਰ ਦੇ ਕਬਜ਼ੇ ਹੇਠ ਹਨ।

■

# ੧੬ ਫਰਵਰੀ ਤੋਂ ੧੫ ਮਾਰਚ ਵਿਚਲੇ ਇਤਿਹਾਸਕ ਦਿਹਾੜੇ

*-ਡਾ. ਗੁਰਚਰਨ ਸਿੰਘ*

ਸਿੱਖ ਮਿਸਲਾਂ ਦੇ ਦੌਰ ਵਿਚ ਤੇ ਮੁਗ਼ਲਾਂ ਦੇ ਅਤਿਆਚਾਰੀ ਦੌਰ ਵਿਚ ਸਿੱਖਾਂ ਨੂੰ ਬੜੇ ਤਸੀਹੇ ਝੱਲਣੇ ਪਏ। ਉਸ ਸਮੇਂ ਗੁਰਦੁਆਰਾ ਸਾਹਿਬਾਨ ਦੀ ਸਾਂਭ-ਸੰਭਾਲ ਉਦਾਸੀ ਸਿੱਖਾਂ ਨੇ ਕੀਤੀ। ਸਿੱਖ ਰਾਜ ਸਮੇਂ ਇਨ੍ਹਾਂ ਗੁਰ-ਅਸਥਾਨਾਂ ਦੇ ਨਾਮ ਵੱਡੀਆਂ-ਵੱਡੀਆਂ ਮਿਲਖਾਂ ਤੇ ਜਾਗੀਰਾਂ ਲਾ ਦਿੱਤੀਆਂ ਗਈਆਂ। ਅੰਗਰੇਜ਼ੀ ਰਾਜ ਵਿਚ ਨਹਿਰਾਂ ਨਿਕਲਣ ਕਾਰਨ ਇਨ੍ਹਾਂ ਜ਼ਮੀਨਾਂ ਵਿੱਚੋਂ ਆਮਦਨੀ ਬਹੁਤ ਜ਼ਿਆਦਾ ਹੋਣ ਲੱਗੀ ਤੇ ਇਕ ਕਾਨੂੰਨ ਅਨੁਸਾਰ ੧੮੫੯ ਈ. ਵਿਚ ਮਹੰਤਾਂ ਨੂੰ ਹੀ ਗੁਰਦੁਆਰਾ ਸਾਹਿਬਾਨ ਦੇ ਮਾਲਕ ਬਣਾ ਦਿੱਤਾ ਗਿਆ। ਬਹੁਤੀ ਦੌਲਤ ਨੇ ਮਹੰਤਾਂ ਨੂੰ ਅੱਯਾਸ਼ ਬਣਾ ਦਿੱਤਾ। ਉਹ ਚਰਿੱਤਰਹੀਣ ਹੋ ਗਏ ਤੇ ਗੁਰੂ-ਘਰਾਂ ਵਿਚ ਕੁਕਰਮ ਹੋਣ ਲੱਗੇ। ਇਨ੍ਹਾਂ ਕੁਕਰਮਾਂ ਨੂੰ ਦੇਖ ਕੇ ਸਿੱਖ ਸ਼ਰਧਾਲੂਆਂ ਦੇ ਮਨਾਂ ਨੂੰ ਵੱਡਾ ਧੱਕਾ ਲੱਗਾ ਤੇ ਸਿੱਖ ਸੰਗਤ ਤ੍ਰਾਹ-ਤ੍ਰਾਹ ਕਰਨ ਲੱਗੀ। ਸਿੱਖ ਜਗਤ ਹੋਰ ਗੁਰਦੁਆਰਾ ਸਾਹਿਬਾਨ ਵਾਂਗ ਸ੍ਰੀ ਨਨਕਾਣਾ ਸਾਹਿਬ ਦੇ ਪਾਵਨ ਅਸਥਾਨ ਦਾ ਪ੍ਰਬੰਧ ਵੀ ਆਪਣੇ ਹੱਥ ਵਿਚ ਲੈਣ ਦੀ ਤਿਆਰੀ ਕਰਨ ਲੱਗਾ। ਉਧਰ ਸਰਕਾਰ ਮਹੰਤਾਂ ਦੀ ਪਿੱਠ 'ਤੇ ਆ ਗਈ। ਮਹੰਤਾਂ ਨੇ ਗੁੰਡੇ, ਲੁਟੇਰੇ, ਅੱਯਾਸ਼ ਲੋਕ ਰੱਖਣੇ ਸ਼ੁਰੂ ਕਰ ਦਿੱਤੇ ਤੇ ਹਥਿਆਰਾਂ ਦੇ ਜ਼ਖੀਰੇ ਜਮ੍ਹਾਂ ਕਰ ਲਏ। ਮਹੰਤ ਸਿੱਖਾਂ ਨੂੰ ਅੱਖਾਂ ਵਿਖਾਉਣ ਲੱਗੇ। ਇਸ ਟਕਰਾਉ ਵਿੱਚੋਂ ਹੀ 'ਨਨਕਾਣਾ ਸਾਹਿਬ ਦਾ ਸਾਕਾ' ਖੂਨੀ ਕਾਂਡ ਦਾ ਜਨਮ ਹੋਇਆ।

ਸ੍ਰੀ ਨਨਕਾਣਾ ਸਾਹਿਬ ਦੇ ਮਹੰਤ ਜਿਵੇਂ ਕਿਸ਼ਨ ਦਾਸ ਤੇ ਉਸ ਮਗਰੋਂ ਨਾਰਾਇਣ ਦਾਸ ਸ਼ਰਾਬੀ ਤੇ ਵਿਭਚਾਰੀ ਸਨ। ਗੁਰੂ ਕੇ ਸੱਚੇ ਸਿੱਖਾਂ ਨੇ ਉਸ ਨੂੰ ਸਮਝਾਉਣ ਦੀ ਪੂਰੀ ਵਾਹ ਲਾਈ। ਪਰੰਤੂ ਅਗਸਤ ੧੯੧੭ ਈ. ਵਿਚ ਜਦ ਮਹੰਤ ਨੇ ਜਨਮ ਅਸਥਾਨ ਦੇ ਕੋਲ ਕੰਜਰੀਆਂ ਦਾ ਨਾਚ ਨਚਾਇਆ ਸੀ ਤੇ ਸਿੱਖ ਅਖ਼ਬਾਰਾਂ ਨੇ ਵੀ ਇਸ ਵਿਰੁੱਧ ਲਿਖਿਆ ਤੇ ਸਿੰਘ ਸਭਾਵਾਂ ਨੇ ਗੁਰਮਤੇ ਪਾਸ ਕੀਤੇ ਸਨ ਤੇ ਸਰਕਾਰ ਤੋਂ ਮੰਗ ਕੀਤੀ ਕਿ ਉਹ ਮਹੰਤ ਨੂੰ ਹਟਾ ਦੇਵੇ। ੧੯੧੮ ਈ. ਵਿਚ ਇਕ ਰੀਟਾਇਰਡ ਸਿੰਧੀ ਏ.ਈ.ਸੀ. ਦੀ ੧੩ ਸਾਲਾ ਲੜਕੀ ਮਹੰਤ ਦੇ ਗੁੰਡਿਆਂ ਨੇ ਚੁੱਕ ਲਈ। ਉਸੇ ਸਾਲ ਇਲਾਕਾ ਜੜ੍ਹਾਂ ਵਾਲੇ ਦੀਆਂ ਛੇ ਇਸਤਰੀਆਂ ਉਠਾ ਕੇ ਉਨ੍ਹਾਂ ਨਾਲ ਕੁਕਰਮ ਕੀਤਾ ਗਿਆ। ਇਸ ਤਰ੍ਹਾਂ ਮਹੰਤ ਤੇ ਉਹਦੇ ਗੁੰਡਿਆਂ ਦੇ ਉਪੱਦਰ ਵਧਦੇ ਗਏ। ਅਕਤੂਬਰ ੧੯੨੦ ਵਿਚ ਪਿੰਡ ਧਾਰੋਵਾਲੀ, ਜ਼ਿਲ੍ਹਾ ਸ਼ੇਖੂਪੁਰਾ ਵਿਚ ਦੀਵਾਨ ਹੋਇਆ ਤੇ ਉਸ ਵਿਚ ਸ੍ਰੀ ਨਨਕਾਣਾ ਸਾਹਿਬ ਦੇ ਸੁਧਾਰ ਲਈ ਗੁਰਮਤਾ ਪਾਸ ਕੀਤਾ ਗਿਆ। ਮਹੰਤ ਨੇ ਸੁਧਰਨ ਦੀ ਥਾਂ ਆਪਣੇ ਚਾਰ ਪੰਜ ਸੌ ਆਦਮੀਆਂ ਨਾਲ ਮੁਜਾਹਰਾ ਕੀਤਾ।ਅਕਾਲੀਆਂ ਨੂੰ ਗੁਰਦੁਆਰਾ ਜਨਮ ਅਸਥਾਨ ਜਾਣ ਤੋਂ ਵੀ ਰੋਕ ਦਿੱਤਾ।

੨੩ ਜਨਵਰੀ ਤੇ ੬ ਫਰਵਰੀ ੧੯੨੧ ਨੂੰ ਸ਼੍ਰੋਮਣੀ ਕਮੇਟੀ ਦੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸਮਾਗਮ ਹੋਏ ਜਿਨ੍ਹਾਂ ਵਿਚ ਸ੍ਰੀ ਨਨਕਾਣਾ ਸਾਹਿਬ ਦੇ ਸੁਧਾਰ ਬਾਰੇ ਵਿਚਾਰ ਹੋਈ। ਮਹੰਤ ਦੇ ਨਾਮ ਖੁੱਲ੍ਹੀ ਚਿੱਠੀ ਲਿਖੀ ਗਈ ਕਿ ਉਹ ਆਪਣਾ ਆਚਰਨ ਤੇ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਦਾ ਸੁਧਾਰ ਕਰੇ। ਸ. ਲਛਮਣ ਸਿੰਘ, ਸ. ਦਲੀਪ ਸਿੰਘ, ਸ. ਤੇਜਾ ਸਿੰਘ ਸਮੁੰਦਰੀ, ਸ. ਕਰਤਾਰ ਸਿੰਘ ਝੱਬਰ ਤੇ ਸ. ਬਖਸ਼ੀਸ਼ ਸਿੰਘ 'ਤੇ ਆਧਾਰਿਤ ਇਕ ਕਮੇਟੀ ਬਣਾਈ ਗਈ ਕਿ ਉਹ ਸ੍ਰੀ ਨਨਕਾਣਾ ਸਾਹਿਬ ਵਿਚ ਦੀਵਾਨ ਤੇ ਲੰਗਰ ਦਾ ਪ੍ਰਬੰਧ ਕਰੇ।

ਸਾਰੇ ਪੰਥ ਵਿਚ ਸ੍ਰੀ ਨਨਕਾਣਾ ਸਾਹਿਬ ਦੇ ਸੁਧਾਰ ਲਈ ਜੋਸ਼ ਸੀ। ਭਾਈ ਲਛਮਣ ਸਿੰਘ ਧਾਰੋਵਾਲੀ ਨੇ ਜਥਾ ਤਿਆਰ ਕਰਨਾ ਸ਼ੁਰੂ ਕਰ ਦਿੱਤਾ। ਉਧਰ ਮਹੰਤ ਨਰਾਇਣ ਦਾਸ ਨੇ ੭ ਫਰਵਰੀ ਨੂੰ ਆਪਣੇ ਸਾਰੇ ਹਿਮਾਇਤੀਆਂ ਦੀ ਇਕੱਤਰਤਾ ਬੁਲਾਈ। ਸਿੰਘਾਂ ਨੇ ੧੯ ਫਰਵਰੀ ਨੂੰ ਸ੍ਰੀ ਨਨਕਾਣਾ ਸਾਹਿਬ ਪੁੱਜਣ ਦਾ ਫੈਸਲਾ ਕੀਤਾ। ਉਧਰ ਮਹੰਤ ਨੇ ਬਾਬਾ ਕਰਤਾਰ ਸਿੰਘ ਦੀ ਪ੍ਰਧਾਨਗੀ ਹੇਠ ਲਾਹੌਰ ਵਿਚ ਕਾਨਫਰੰਸ ਬੁਲਾਈ। ਉਹ ਸਿੰਘਾਂ ਦੇ ਕਤਲੇਆਮ ਦੀ ਤਿਆਰੀ ਕਰਨ ਲੱਗਾ। ਉਸ ਨੇ ੧੪ ਪੀਪੇ ਮਿੱਟੀ ਦੇ ਤੇਲ ਦੇ ਅਤੇ ਪੰਜਾਹ ਮਣ ਲੱਕੜਾਂ ਗੁਰਦੁਆਰਾ ਜਨਮ ਅਸਥਾਨ ਵਿਚ ਰਖਵਾ ਲਈਆਂ। ਹਾਲਾਤ ਦੀ ਨਜ਼ਾਕਤ ਵੇਖਦਿਆਂ 'ਅਕਾਲੀ' ਅਖ਼ਬਾਰ ਦੇ ਦਫ਼ਤਰ ਵਿਚ ਲਾਹੌਰ ਇਕ

(ਬਾਕੀ ਪੰਨਾ ੨੭ 'ਤੇ)

ਗੁਰਦੁਆਰਾ ਗਜ਼ਟ (੧੯) ਫੱਗਣ (ਫਰਵਰੀ 2018)

# ਹਰ ਘਰ ਦੀ ਚੜ੍ਹਦੀ ਕਲਾ ਲਈ ਧਰਮ ਪ੍ਰਚਾਰ ਜ਼ਰੂਰੀ

ਪੰਜਾਬ ਜਿਉਂਦਾ ਗੁਰਾਂ ਦੇ ਨਾਮ 'ਤੇ, ਇਸਦਾ ਅੰਮ੍ਰਿਤ ਵਰਗਾ ਪਾਣੀ ਜਾਂ ਸਾਰੀ ਦੁਨੀਆਂ ਵੇਖੀ ਹਰਿਮੰਦਰ ਵਰਗਾ ਕਿਤੇ ਨਹੀਂ, ਧਰਮੀ ਤੇ ਸੂਰਵੀਰ ਇਸ ਧਰਤੀ ਵਰਗੇ ਕਿਤੇ ਨਹੀਂ, ਦੇ ਬੋਲ ਪੰਜਾਬ ਦੀ ਸੂਰਬੀਰਤਾ ਦੀ ਯਾਦ ਦਿਵਾਉਂਦੇ ਹਨ। ਦੁਨੀਆਂ ਦੀ ਸਭ ਤੋਂ ਪੁਰਾਣੀ ਤੇ ਅਮੀਰ ਸਭਿਅਤਾ ਦਾ ਦੇਸ਼ ਪੰਜਾਬ ਅੱਜ ਅਨੇਕਾਂ ਦੁਸ਼ਵਾਰੀਆਂ ਨਾਲ ਜੂਝ ਰਿਹਾ ਹੈ। ਇਥੋਂ ਦੇ ਬਾਸ਼ਿੰਦਿਆਂ ਨੂੰ ਇਸ ਦੀ ਸਾਂਭ-ਸੰਭਾਲ ਲਈ ਵੱਡੀਆਂ ਚਨੌਤੀਆਂ ਤੇ ਹਮਲਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਭਾਵੇਂ ਇਹ ਵਿਸ਼ਾ ਵਿਸਥਾਰੀ ਹੈ ਪਰ ਮੈਂ ਅੱਜ ਕੇਵਲ ਸ਼੍ਰੋਮਣੀ ਕਮੇਟੀ ਵੱਲੋਂ ਵਿੱਢੀ ਪ੍ਰਚਾਰ ਲਹਿਰ ਬਾਰੇ ਹੀ ਗੱਲ ਕਰਾਂਗਾ।



ਦਿਲਜੀਤ ਸਿੰਘ 'ਬੇਦੀ'

ਹੁਣ ਜਦੋਂ ਅਸੀਂ 21ਵੀਂ ਸਦੀ ਦੇ ਦੂਜੇ ਦਹਾਕੇ ਦੇ ਅੰਤ ਵੱਲ ਜਾ ਰਹੇ ਹਾਂ ਤਾਂ ਦੋ ਚੀਜ਼ਾਂ ਸਪੱਸ਼ਟ ਰੂਪ ਵਿੱਚ ਉਜਾਗਰ ਹੋਈਆਂ ਹਨ ਕਿ ਪ੍ਰਚਾਰ ਤੇ ਪਸਾਰ ਇਸ ਵੇਲੇ ਬਿਜਲਈ ਮੀਡੀਆ ਦੀ ਗ੍ਰਿਫਤ ਵਿੱਚ ਹੈ। ਜਿਸ ਤਰ੍ਹਾਂ ਵਿਸ਼ਵ ਭਰ ਦੇ ਚੈਨਲ ਟੀ.ਵੀ. ਰਾਹੀਂ ਆਪਣੀ ਇੱਛਾ ਤੇ ਚੋਣ ਅਨੁਸਾਰ ਬੈਠੇ ਵੇਖ ਸਕਦੇ ਹਾਂ, ਉਵੇਂ ਹੀ ਸੋਸ਼ਲ ਮੀਡੀਆ ਉਤੇ ਸੂਚਨਾ ਦਾ ਪ੍ਰਸਾਰਨ ਇੰਨੀ ਤੇਜ਼ ਗਤੀ ਨਾਲ ਹੁੰਦਾ ਹੈ, ਤੇ ਹੋ ਰਿਹਾ ਹੈ ਜਿਸ ਦਾ ਕਈ ਵਾਰ ਅਨੁਮਾਨ ਲਗਾਉਣਾ ਮੁਸ਼ਕਿਲ ਹੋ ਜਾਂਦਾ ਹੈ। ਗਿਆਨ, ਵਿਗਿਆਨ, ਮਸ਼ੀਨ ਤੇ ਸੰਚਾਰ ਦੇ ਪ੍ਰਭਾਵ ਦੇ ਅੰਤਰਗਤ ਹਰ ਵਿਅਕਤੀ ਇਸ ਵੇਲੇ ਪ੍ਰਚਾਰ ਦੀਆਂ ਤਕਨੀਕੀ ਜੁਗਤਾਂ ਦੇ ਅਸਰ ਅਨੁਸਾਰ ਵਿਚਰਨ ਲਈ ਮਜ਼ਬੂਰ ਹੈ।

ਸ਼੍ਰੋਮਣੀ ਕਮੇਟੀ ਦੇ ਵਰਤਮਾਨ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਆਪਣੇ ਪਲੇਠੇ ਸੰਬੋਧਨ ਵਿੱਚ ਹੀ ਇਹ ਗੱਲ ਕਹੀ ਸੀ ਕਿ ਧਰਮ ਪ੍ਰਚਾਰ ਉਨ੍ਹਾਂ ਦੀਆਂ ਮੁੱਢਲੀਆਂ ਤਰਜੀਹਾਂ ਵਿੱਚ ਹੈ, ਕਿਉਂਕਿ ਉਹ



ਅਹਿਸਾਸ ਕਰਦੇ ਹਨ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵਿੱਦਿਆ, ਸਿੱਖਿਆ, ਗਿਆਨ ਤੇ ਹੋਰਨਾਂ ਕਈ ਦਾਰਸ਼ਨਿਕਤਾ ਤੇ ਲੋਕ ਸੇਵਾ ਖੇਤਰ ਵਿੱਚ ਯਾਦਗਾਰੀ ਭੂਮਿਕਾ ਨਿਭਾਈ ਹੈ ਪਰ ਆਮ ਸਿੱਖ ਦੇ ਮਨ ਵਿੱਚ ਸੰਸਾ ਹੀ ਰਿਹਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖੀ ਦੇ ਪ੍ਰਚਾਰ-ਪਸਾਰ ਵਿੱਚ

ਗੁਰਦੁਆਰਾ ਗਜ਼ਟ (੨੦) ਫੱਗਣ (ਫਰਵਰੀ 2018)

ਓਨੀ ਵੱਡੀ ਪੱਧਰ 'ਤੇ ਕੰਮ ਨਹੀਂ ਕਰਦੀ ਜਿੰਨੀ ਉਹ ਆਸ ਕਰਦੇ ਹਨ। ਹਾਲਾਂਕਿ ਪ੍ਰਚਾਰ ਦਾ ਕੰਮ ਨਿਰੰਤਰ ਜਾਰੀ ਹੈ, ਪਰ ਵਿਡੰਬਣਾ ਇਹ ਹੈ ਕਿ ਸਿੱਖੀ ਦੇ ਪ੍ਰਚਾਰ ਨੂੰ ਪ੍ਰਚਾਰ ਦਾ ਪਾਤਰ ਨਹੀਂ ਬਣਾਇਆ ਜਾ ਸਕਿਆ। ਇਸ ਸਮੱਸਿਆ ਨੂੰ ਸਮਝਦੇ ਹੋਏ ਏਥੇ ਗੰਭੀਰ ਵਿਚਾਰ ਚਰਚਾ ਕਰਦੇ ਹੋਏ ਭਾਈ ਲੌਂਗੋਵਾਲ ਨੇ ਨਵੀਂ ਵਿਉਂਤਬੰਦੀ ਕੀਤੀ ਹੈ। ਇਸ ਯੋਜਨਾਬੰਦੀ ਵਿੱਚ ਉਨ੍ਹਾਂ ਨੇ ਕਈ ਨੁਕਤੇ ਇਕੋ ਪ੍ਰਬੰਧਕੀ ਯੋਜਨਾ ਵਿੱਚ ਸ਼ਾਮਲ ਕਰ ਲਏ ਹਨ।

10 ਜਨਵਰੀ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਇਕ ਵਿਸ਼ੇਸ਼ ਇਕੱਤਰਤਾ ਕਰਕੇ ਧਰਮ ਪ੍ਰਚਾਰ ਕਮੇਟੀ ਵੱਲੋਂ ਅਰੰਭੀ ਜਾ ਰਹੀ ਇਸ ਲਹਿਰ ਨੂੰ ਸਿੱਖ ਧਰਮ ਦੇ ਬਾਨੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਨ ਦਾ ਫੈਸਲਾ ਕਰਦਿਆਂ, ਇਸ ਦੀ ਅਰੰਭਤਾ 21 ਜਨਵਰੀ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ, 27 ਜਨਵਰੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ (ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਅੰਮ੍ਰਿਤਸਰ) ਅਤੇ 11 ਫਰਵਰੀ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ



ਸਾਹਿਬ ਤੋਂ ਇਸ ਲਹਿਰ ਦੀ ਅਰੰਭਤਾ ਹਫਤਾਵਾਰੀ ਸਮਾਗਮਾਂ ਨਾਲ ਕਰਨ ਦਾ ਫੈਸਲਾ ਕੀਤਾ ਹੈ।

ਇਸ ਲਹਿਰ ਰਾਹੀਂ ਘਰ-ਘਰ ਤੱਕ ਪਹੁੰਚ ਕਰਨ ਲਈ ਪੰਜਾਬ ਅਤੇ ਹਰਿਆਣਾ ਨੂੰ ਚਾਰ ਭਾਗਾਂ ਵਿਚ ਵੰਡਿਆ ਗਿਆ ਹੈ, ਜਿਸ ਨਾਲ ਰਾਜਸਥਾਨ, ਹਿਮਾਚਲ ਅਤੇ ਜੰਮੂ ਕਸ਼ਮੀਰ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਬਣਾਏ ਗਏ ਕੇਂਦਰਾਂ ਨੂੰ ਮਾਝਾ, ਮਾਲਵਾ, ਦੁਆਬਾ ਅਤੇ ਹਰਿਆਣਾ ਰਾਜ ਦਾ ਕੁਰਕੁਸ਼ੇਤਰ ਜ਼ੋਨ ਨਾਮ ਦਿੱਤਾ ਗਿਆ ਹੈ।

ਮਾਝਾ ਖੇਤਰ ਦਾ ਮੁੱਖ ਕੇਂਦਰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਬਣਾਇਆ ਗਿਆ ਹੈ, ਜਿਸ ਵਿਚ ਅੰਮ੍ਰਿਤਸਰ, ਗੁਰਦਾਸਪੁਰ, ਪਠਾਨਕੋਟ, ਤਰਨ ਤਾਰਨ, ਫਿਰੋਜ਼ਪੁਰ, ਜਲੰਧਰ ਤੇ ਕਪੂਰਥਲਾ ਜ਼ਿਲ੍ਹਿਆਂ ਦੇ ਨਾਲ-ਨਾਲ ਜੰਮੂ ਕਸ਼ਮੀਰ ਨੂੰ ਵੀ ਸ਼ਾਮਲ ਕੀਤਾ ਗਿਆ ਹੈ।

ਇਸੇ ਤਰ੍ਹਾਂ ਮਾਲਵਾ ਖੇਤਰ ਦਾ ਮੁੱਖ ਕੇਂਦਰ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਬਣਾਇਆ ਗਿਆ ਹੈ, ਜਿਸ ਵਿਚ ਬਠਿੰਡਾ, ਮਾਨਸਾ, ਮੋਗਾ, ਫਰੀਦਕੋਟ, ਸ੍ਰੀ ਮੁਕਤਸਰ ਸਾਹਿਬ, ਫਾਜ਼ਿਲਕਾ, ਪਟਿਆਲਾ, ਬਰਨਾਲਾ, ਸੰਗਰੂਰ ਜ਼ਿਲ੍ਹੇ ਅਤੇ ਰਾਜਸਥਾਨ ਦੇ ਕੁਝ ਖੇਤਰਾਂ ਨੂੰ ਸ਼ਾਮਲ ਕੀਤਾ ਗਿਆ ਹੈ।

ਇਸੇ ਤਰ੍ਹਾਂ ਦੁਆਬਾ ਦਾ ਕੇਂਦਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿਖੇ

ਗੁਰਦੁਆਰਾ ਗਜ਼ਟ (੨੧) ਫੱਗਣ (ਫਰਵਰੀ 2018)

ਬਣਾਇਆ ਗਿਆ ਹੈ ਜਿਸ ਵਿਚ ਰੋਪੜ, ਮੋਹਾਲੀ, ਫਤਹਿਗੜ੍ਹ ਸਾਹਿਬ, ਹੁਸ਼ਿਆਰਪੁਰ, ਨਵਾਂ ਸ਼ਹਿਰ, ਤੇ ਲੁਧਿਆਣਾ ਜ਼ਿਲ੍ਹੇ ਅਤੇ ਨਾਲ ਹੀ ਚੰਡੀਗੜ੍ਹ ਅਤੇ ਹਿਮਾਚਲ ਪ੍ਰਦੇਸ਼ ਨੂੰ ਸ਼ਾਮਲ ਕੀਤਾ ਗਿਆ ਹੈ। ਇਸੇ ਤਰ੍ਹਾਂ ਚੌਥਾ ਕੇਂਦਰ ਕੁਰਕਸ਼ੇਤਰ ਵਿਖੇ ਬਣਾ ਕੇ ਪੂਰੇ ਹਰਿਆਣਾ ਰਾਜ ਵਿਚ ਧਰਮ ਪ੍ਰਚਾਰ ਲਹਿਰ ਪ੍ਰਚੰਡ ਕਰਨ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ। ਹਰੇਕ ਪ੍ਰਚਾਰ ਖੇਤਰ ਵਿਚ 40 ਦੇ ਕਰੀਬ ਸ਼੍ਰੋਮਣੀ ਕਮੇਟੀ ਹਲਕਿਆਂ ਨੂੰ ਸ਼ਾਮਲ ਕੀਤਾ ਗਿਆ ਹੈ, ਜਿਸ ਵਿਚ 20 ਪ੍ਰਚਾਰ ਜਥੇ ਹੋਣਗੇ। ਇਸ ਲਹਿਰ ਦਾ ਮਿਸ਼ਨ ਪਾਵਨ ਪਵਿੱਤਰ ਗੁਰਬਾਣੀ, ਗੁਰਮਤਿ ਵਿਚਾਰਧਾਰਾ ਦਾ ਪ੍ਰਚਾਰ-ਪਸਾਰ, ਸਿੱਖ ਇਤਿਹਾਸ ਦੀ ਜਾਣਕਾਰੀ, ਸਿੱਖ ਰਹਿਤ ਮਰਯਾਦਾ ਦਾ ਗਿਆਨ, ਭਰੂਣ ਹੱਤਿਆ ਦੀ ਰੋਕਥਾਮ, ਕੁਦਰਤੀ ਵਾਤਾਵਰਣ ਦੀ



ਸਵੱਛਤਾ ਅਤੇ ਸਿੱਖ ਕੌਮ ਦੀ ਵਿਲੱਖਣ ਹੋਂਦ-ਹਸਤੀ ਦੀ ਪਹਿਚਾਣ ਸਥਾਪਿਤ ਕਰਨਾ ਹੈ। ਇਸ ਲਹਿਰ ਵਿਚ ਜਿਥੇ ਗੁਰਮਤਿ ਸਮਾਗਮ ਕੀਤੇ ਜਾਣਗੇ ਉਥੇ ਧਾਰਮਿਕ ਨਾਟਕਾਂ ਅਤੇ ਫਿਲਮਾਂ ਰਾਹੀਂ ਵੀ ਪ੍ਰਚਾਰ ਕੀਤਾ ਜਾਵੇਗਾ। ਨੌਜਵਾਨਾਂ ਅਤੇ ਬੱਚਿਆਂ ਨੂੰ ਗੁਰਮਤਿ ਨਾਲ ਜੋੜਨ ਲਈ ਧਰਮ ਪ੍ਰਚਾਰ ਕਮੇਟੀ ਵੱਲੋਂ ਧਾਰਮਿਕ ਸਾਹਿਤ ਅਤੇ ਸਚਿੱਤਰ ਪੁਸਤਕਾਂ ਘਰ-ਘਰ ਤੱਕ ਪਹੁੰਚਾਉਣ ਲਈ ਵਿਸ਼ੇਸ਼ ਉਪਰਾਲਾ ਕੀਤਾ ਜਾਵੇਗਾ।

ਪਰਿਵਾਰ ਵਿਚ ਔਰਤਾਂ ਦਾ ਅਹਿਮ ਸਥਾਨ ਹੈ। ਬੱਚਿਆਂ ਅੰਦਰ ਗੁਰਮਤਿ ਦੀ ਭਾਵਨਾ ਭਰਨ ਅਤੇ ਚੰਗੇ ਸਮਾਜ ਦੀ ਸਿਰਜਨਾ ਲਈ ਔਰਤਾਂ ਅਹਿਮ ਰੋਲ ਅਦਾ ਕਰ ਸਕਦੀਆਂ ਹਨ। ਇਸ ਲਹਿਰ ਦਾ ਇਕ ਪੱਖ ਇਹ ਵੀ ਹੋਵੇਗਾ ਕਿ ਪ੍ਰਚਾਰਕ ਬੀਬੀਆਂ ਪਿੰਡਾਂ ਅੰਦਰ ਇਸਤਰੀਆਂ ਨਾਲ ਸੰਵਾਦ ਰਚਾ ਕੇ ਘਰਾਂ ਵਿਚ ਗੁਰਮਤਿ ਅਨੁਸਾਰੀ ਵਾਤਾਵਰਨ ਸਿਰਜਣ ਲਈ ਪ੍ਰੇਰਤ ਕਰਨਗੀਆਂ।

ਜਿਵੇਂ ਅਸੀਂ ਪਹਿਲਾਂ ਦੱਸ ਆਏ ਹਾਂ ਕਿ ਧਰਮ ਪ੍ਰਚਾਰ ਲਹਿਰ ਦੇ ਬਹੁ-ਦਿਸ਼ਾਵੀ ਪੜਾਅ ਹਨ।

ਗੁਰਦੁਆਰਾ ਗਜ਼ਟ (੨੨) ਫੱਗਣ (ਫਰਵਰੀ 2018)

ਉਨ੍ਹਾਂ ਵਿਚ ਹੀ ਦਲਿਤ ਭਾਈਚਾਰੇ ਨੂੰ ਗੁਰੂ ਘਰਾਂ ਨਾਲ ਜੋੜਨਾ ਵੀ ਇਸ ਲਹਿਰ ਦਾ ਹਿੱਸਾ ਹੈ। ਗੁਰੂ ਸਾਹਿਬ ਨੇ ਜਾਤਾਂ-ਪਾਤਾਂ ਨੂੰ ਖਤਮ ਕਰਕੇ ਇਕ ਨਿਰੋਏ ਸਮਾਜ ਦੀ ਸਿਰਜਣਾ ਕੀਤੀ ਸੀ ਪਰ ਅੱਜ ਫਿਰ ਕੁਝ ਲੋਕ ਗੁਰੂ ਸਿਧਾਂਤਾਂ ਤੋਂ ਪਾਸੇ ਜਾਂ ਸਮਾਜ ਵਿਚ ਵੰਡੀਆਂ ਪਾਉਣ ਦਾ ਜਤਨ ਕਰ ਰਹੇ ਹਨ। ਧਰਮ ਪ੍ਰਚਾਰ ਦੀ ਇਹ ਲਹਿਰ ਸਿੱਖ ਕੌਮ ਵਿਰੋਧੀ ਵਾਪਰ ਰਹੀਆਂ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਸਾਰਥਕ ਭੂਮਿਕਾ ਨਿਭਾਏਗੀ।

ਇਨ੍ਹਾਂ ਸਮਾਗਮਾਂ ਸਬੰਧੀ ਪਹਿਲਾਂ ਵੱਖ-ਵੱਖ ਥਾਵਾਂ 'ਤੇ ਮੀਟਿੰਗਾਂ ਕੀਤੀਆਂ ਗਈਆਂ, ਜਿਸ ਵਿਚ ਬੜੇ ਚਿਰ ਪਿੱਛੋਂ ਮੈਂਬਰਾਂ ਅਤੇ ਹੋਰਾਂ ਨੇ ਖੁੱਲ੍ਹ ਕੇ ਸੰਸਥਾ ਦੀ ਬੇਹਤਰੀ ਲਈ ਵਿਚਾਰ ਦਿੱਤੇ। ਇਹ ਵੀ ਹਕੀਕਤ ਹੈ ਕਿ ਬੜੇ ਲੰਬੇ ਸਮੇਂ ਤੋਂ ਸਿੱਖ ਆਪਸੀ ਵਿਚਾਰ-ਵਟਾਂਦਰੇ ਤੋਂ ਪਛੜੇ ਰਹੇ ਸਨ। ਬੇਸ਼ੱਕ ਕੁਝ ਤਿੱਖੇ ਵਿਚਾਰ ਵੀ ਸਾਹਮਣੇ ਆਏ ਪਰ ਸਾਰਿਆਂ ਦਾ ਸਿੱਖ ਪੰਥ ਦੇ ਪ੍ਰਚਾਰ-ਪਸਾਰ ਲਈ ਅੱਗੇ ਆਉਣਾ ਇਸ ਲਹਿਰ ਦੀ ਕਾਮਯਾਬੀ ਦੇ ਰਸਤੇ ਖੋਲ੍ਹੇਗਾ। ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਜਿਸ ਨਿਮਰਤਾ ਨਾਲ ਮੈਂਬਰਾਂ ਵੱਲੋਂ ਮਿਲੇ ਸੁਝਾਵਾਂ ਨੂੰ ਸੁਣਿਆ ਅਤੇ ਅਮਲ ਕਰਨ ਦੀ ਗੱਲ ਕਹੀ। ਇਸ ਨਾਲ ਸਾਰਿਆਂ ਅੰਦਰ ਇਕ ਨਵਾਂ ਉਤਸ਼ਾਹ ਵੇਖਣ ਨੂੰ ਮਿਲਿਆ ਜੋ ਪ੍ਰਧਾਨ ਦੇ ਕੱਦ ਨੂੰ ਹੋਰ ਉੱਚਾ ਕਰਦਾ ਹੈ।

ਧਰਮ ਪ੍ਰਚਾਰ ਕਮੇਟੀ ਵੱਲੋਂ ਇਸ ਲਹਿਰ ਨੂੰ ਜ਼ਮੀਨੀ ਪੱਧਰ ਤੋਂ ਸ਼ੁਰੂ ਕਰਨ ਲਈ ਜਿਥੇ ਇਸ ਦੀ ਅਗਵਾਈ ਤਖ਼ਤਾਂ ਦੇ ਜਥੇਦਾਰ ਸਾਹਿਬਾਨ ਨੂੰ ਸੌਂਪੀ ਗਈ ਹੈ। ਉਥੇ ਸ਼੍ਰੋਮਣੀ ਕਮੇਟੀ ਅਤੇ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਸਾਹਿਬਾਨ ਨੂੰ ਵੀ ਆਪਣੇ ਹਲਕਿਆਂ ਵਿਚ ਸਰਗਰਮ ਭੂਮਿਕਾ ਨਿਭਾਉਣ ਲਈ ਪ੍ਰੇਰਿਆ ਗਿਆ ਹੈ। ਧਰਮ ਪ੍ਰਚਾਰ ਕਮੇਟੀ ਦੇ ਇਹ ਪ੍ਰਚਾਰ ਜਥੇ ਜਿਥੇ ਪਿੰਡਾਂ ਅੰਦਰ ਗੁਰਮਤਿ ਸਮਾਗਮ ਕਰਨਗੇ



ਉਥੇ ਨੌਜਵਾਨਾਂ ਨਾਲ ਸੰਵਾਦ ਰਚਾ ਕਿ ਨਸ਼ੇ ਅਤੇ ਪਤਿਤਪੁਣੇ ਖਿਲਾਫ ਜ਼ੋਰਦਾਰ ਮੁਹਿੰਮ ਅਰੰਭੀ ਜਾਵੇਗੀ। ਇਸ ਕਾਰਜ ਲਈ ਸਕੂਲਾਂ, ਕਾਲਜਾਂ ਦੇ ਨਾਲ ਨਾਲ ਪਿੰਡਾਂ ਦੀਆਂ ਸੱਥਾਂ, ਕਲੱਬਾਂ ਵਿਚ ਜਾ ਕੇ ਬੱਚਿਆਂ ਅਤੇ ਨੌਜਵਾਨਾਂ ਅਤੇ ਪਰਿਵਾਰਕ ਮੁੱਖੀਆਂ ਨੂੰ ਸਿੱਖ ਧਰਮ ਦੇ ਇਤਿਹਾਸ, ਸਿਧਾਂਤਾਂ ਅਤੇ ਬਹੁਮੁਲੀਆਂ ਪ੍ਰੰਪਰਾਵਾਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਧਰਮ ਪ੍ਰਚਾਰ ਦੇ ਇਨ੍ਹਾਂ ਕਾਰਜਾਂ ਨੂੰ ਸਫਲਤਾ ਪੂਰਵਕ ਅਤੇ ਨਿਰੰਤਰ ਜਾਰੀ ਰੱਖਣ ਲਈ ਹਰ ਪਿੰਡ ਅੰਦਰ 5 ਤੋਂ 10 ਮੈਂਬਰੀ ਤਾਲਮੇਲ ਕਮੇਟੀਆਂ ਵੀ ਬਣਾਈਆਂ ਜਾਣਗੀਆਂ। ਰਾਜਨੀਤਿਕ ਗਲਿਆਰਿਆਂ ਵਿਚੋਂ ਨਿਕਲ ਕੇ ਧਰਮ

ਗੁਰਦੁਆਰਾ ਗਜ਼ਟ (੨੩) ਫੱਗਣ (ਫਰਵਰੀ 2018)

ਦੀ ਬਿਹਤਰੀ ਤੇ ਚੜ੍ਹਦੀ ਕਲਾ ਲਈ ਹਰੇਕ ਸਿੱਖ ਨੂੰ ਇਸ ਲਹਿਰ ਦਾ ਸਹਿਯੋਗੀ ਹੋਣਾ ਚਾਹੀਦਾ ਹੈ। ਭਾਵੇਂ ਬਹੁਤ ਸੰਤਪੁਰਸ਼ ਤੇ ਹੋਰ ਲੋਕ ਧਰਮ ਪ੍ਰਚਾਰਕ ਵਜੋਂ ਭੂਮਿਕਾ ਨਿਭਾ ਰਹੇ ਹਨ, ਪਰ ਇਸ ਸੰਸਥਾ ਦੀ ਜੋ ਜ਼ੁੰਮੇਵਾਰੀ ਬਣਦੀ ਹੈ ਉਸ ਲਈ ਤੁਹਾਡਾ ਸਹਿਯੋਗ ਜ਼ਰੂਰੀ ਹੈ।

ਇਸ ਪ੍ਰਚਾਰ ਮੁਹਿੰਮ ਦੀ ਇਕ ਅਹਿਮ ਕੜੀ ਵਜੋਂ ਇਨ੍ਹਾਂ ਪ੍ਰਚਾਰ ਜਥਿਆਂ ਨੂੰ ਇਕ ਪ੍ਰੋਫਾਰਮਾ ਦਿੱਤਾ ਗਿਆ ਹੈ ਜਿਸ ਵਿਚ ਜਿਥੇ ਪਿੰਡ ਦੀ ਕੁੱਲ ਵਸੋਂ ਬਾਰੇ ਜਾਣਕਾਰੀ ਹੋਵੇਗੀ ਉਥੇ ਨਾਲ ਹੀ ਪਿੰਡ ਵਿਚ ਵਸਦੇ ਸਿੱਖ ਪਰਿਵਾਰਾਂ ਵਿਚੋਂ ਅੰਮ੍ਰਿਤਧਾਰੀ ਅਤੇ ਪਤਿਤ ਵਿਅਕਤੀਆਂ ਬਾਰੇ ਜਾਣਕਾਰੀ ਵੀ ਹੋਵੇਗੀ। ਇਸ ਪ੍ਰੋਫਾਰਮੇ ਅਨੁਸਾਰ ਪਿੰਡ ਵਿਚ ਗੁਰਦੁਆਰਾ ਸਾਹਿਬਾਨ ਦੀ ਗਿਣਤੀ, ਗੁਰਦੁਆਰਾ ਸਾਹਿਬਾਨਾਂ ਦੇ ਨਾਵਾਂ ਬਾਰੇ ਜਾਣਕਾਰੀ, ਗੁਰਦੁਆਰਾ ਕਮੇਟੀਆਂ ਦੇ ਅਹੁਦੇਦਾਰਾਂ, ਮੈਂਬਰਾਂ, ਗ੍ਰੰਥੀ ਸਿੰਘਾਂ ਦੀ ਯੋਗਤਾ ਅਤੇ ਰਹਿਣ ਸਹਿਣ ਦੇ ਨਾਲ-ਨਾਲ ਧਰਮ ਪ੍ਰਚਾਰ ਲਈ ਯਤਨਸ਼ੀਲ ਸੁਸਾਇਟੀਆਂ ਦਾ ਵੇਰਵਾ ਵੀ ਇਕੱਤਰ



ਹੋਵੇਗਾ। ਇਸ ਦੇ ਨਾਲ ਹੀ ਗੁਰਦੁਆਰਾ ਸਾਹਿਬਾਨ ਅੰਦਰ ਅੰਮ੍ਰਿਤ ਵੇਲੇ ਅਤੇ ਸ਼ਾਮ ਨੂੰ ਹੁੰਦੇ ਨਿਤਨੇਮ ਅਤੇ ਕਥਾ ਵੀਚਾਰ ਬਾਰੇ ਵੀ ਜਾਣਕਾਰੀ ਹੋਵੇਗੀ। ਇਨ੍ਹਾਂ ਜਥਿਆਂ ਵੱਲੋਂ ਇਹ ਜਾਣਕਾਰੀ ਵੀ ਇਕੱਤਰ ਕੀਤੀ ਜਾਵੇਗੀ ਕਿ ਗੁਰਦੁਆਰਾ ਸਾਹਿਬ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਿੰਨੇ ਪਾਵਨ ਸਰੂਪ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੁਖਆਸਨ ਅਸਥਾਨ ਦੀ ਸਥਿਤੀ ਦੇ ਨਾਲ-ਨਾਲ ਬਿਜਲੀ ਫਿਟਿੰਗ ਜਿਸ ਵਿਚ- ਏ.ਸੀ., ਕੂਲਰ, ਪੱਖੇ ਅਤੇ ਲਾਈਟਾਂ ਸ਼ਾਮਲ ਹਨ ਬਾਰੇ ਵੀ ਜਾਣਕਾਰੀ ਲਈ ਜਾਵੇਗੀ ਤਾਂ ਕਿ ਕੋਈ ਅਨਹੋਣੀ ਨਾ ਵਾਪਰੇ। ਇਨ੍ਹਾਂ ਵੇਰਵਿਆਂ ਵਿਚ ਪਿੰਡਾਂ ਅੰਦਰ ਸਥਾਪਤ ਲਾਇਬ੍ਰੇਰੀਆਂ ਅਤੇ ਵਿਦਿਅਕ ਅਦਾਰਿਆਂ ਬਾਰੇ ਵੀ ਜਾਣਕਾਰੀ ਹੋਵੇਗੀ। ਇਹ ਸਾਰੇ ਵੇਰਵੇ ਭਵਿੱਖਮੁੱਖੀ ਵਿਉਂਤਬੰਦੀ ਲਈ ਸਹਾਈ ਹੋਣਗੇ।

ਅੱਜ ਤੋਂ ਪੰਜ-ਸੱਤ ਦਹਾਕੇ ਪਹਿਲਾਂ ਸਕੂਲਾਂ, ਕਾਲਜਾਂ ਵਿਚ ਫੈਡਰੇਸ਼ਨ, ਸ਼੍ਰੋਮਣੀ ਅਕਾਲੀ ਦਲ ਦੇ ਹਰਿਆਵਲ ਦਸਤੇ ਵਜੋਂ ਕੰਮ ਕਰਦੀ ਸੀ। ਫੈਡਰੇਸ਼ਨ ਨੇ ਬੜੀਆਂ ਹੀ ਨਾਮਵਰ ਸਿੱਖ ਸ਼ਖ਼ਸੀਅਤਾਂ ਪੈਦਾ

ਗੁਰਦੁਆਰਾ ਗਜ਼ਟ (੨੪) ਫੱਗਣ (ਫਰਵਰੀ 2018)




ਕੀਤੀਆਂ ਜਿਨ੍ਹਾਂ ਨੇ ਕੌਮ ਦੀ ਅਗਵਾਈ ਕਰਕੇ ਸਿੱਖ ਪੰਥ ਦਾ ਰੁਤਬਾ ਵਧਾਇਆ। ਅੱਜ ਉਹ ਪ੍ਰੀਪੇਖ ਸਕੂਲਾਂ, ਕਾਲਜਾਂ ਵਿਚੋਂ ਖਤਮ ਹੋ ਚੁੱਕਾ ਹੈ। ਗੁਰੂ ਸਾਹਿਬਾਨ ਦੇ ਨਾਮ 'ਤੇ ਚਲ ਰਹੀਆਂ ਸੰਸਥਾਵਾਂ ਨੂੰ ਸਿੱਖੀ ਵਿਚਾਰਧਾਰਾ ਨੂੰ ਲਾਜ਼ਮੀ ਅਪਨਾਉਣਾ ਚਾਹੀਦਾ ਹੈ। ਅਜਿਹੇ ਕਾਰਜਾਂ ਲਈ ਧਾਰਮਿਕ ਸੰਸਥਾਵਾਂ ਦੇ ਨਾਲ-ਨਾਲ ਸਕੂਲਾਂ, ਕਾਲਜਾਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਮੁੜ ਊਰਜਾਸ਼ਾਲੀ ਹੋਣਾ ਪਵੇਗਾ।

ਨੁਕਤਾਚੀਨੀ ਬੰਦੇ ਨੂੰ ਬਹੁਤ ਕੁਝ ਸਿਖਾਉਂਦੀ ਹੈ ਪਰ ਜੇਕਰ ਉਹ ਸਾਰਥਕ ਤੇ ਤਰਕ ਦੇ ਅਧਾਰ



ਗੁਰਦੁਆਰਾ ਗਜ਼ਟ (੨੫) ਫੱਗਣ (ਫਰਵਰੀ 2018)

'ਤੇ ਹੋਵੇ। ਧਾਰਮਿਕ ਸੰਸਥਾਵਾਂ ਦੀ ਕਾਰਜਸ਼ੈਲੀ 'ਤੇ ਬਾਜ ਅੱਖ ਰੱਖਣ ਵਾਲੇ ਵੀਰਾਂ ਨੂੰ ਵੀ ਬੇਨਤੀ ਹੈ ਕਿ ਉਹ ਵਿਰੋਧ ਖਾਤਰ ਹੀ ਵਿਰੋਧ ਦੀ ਨਿਰਾਰਥਕ ਪਹੁੰਚ ਨਾਂ ਅਪਨਾਉਣ ਸਗੋਂ ਕੌਮ ਦੀ ਬੇਹਤਰੀ ਲਈ ਹੋ ਰਹੇ ਕਾਰਜਾਂ ਦਾ ਹਿੱਸਾ ਬਨਣ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਕੌਮੀ ਜਥੇਬੰਦੀ ਦੀ ਸੇਵਾ ਸੰਭਾਲਦਿਆਂ ਹੀ ਸਿੱਖੀ ਦੇ ਪ੍ਰਚਾਰ-ਪਸਾਰ ਨੂੰ ਨਿਸ਼ਚਿਤ ਟੀਚਿਆਂ ਨਾਲ ਜੋੜ ਕੇ ਸਮਾਂ-ਬੱਧ ਯੋਜਨਾਬੰਦੀ ਕੀਤੀ ਹੈ। ਇਸ ਵਿਉਂਤਬੰਦੀ ਦੇ ਕਈ ਲਾਭ ਹੋਣਗੇ, ਕਿਉਂਕਿ ਉਨ੍ਹਾਂ ਨੇ ਪਿੰਡਾਂ ਨੂੰ ਇਕਾਈ ਮੰਨ ਲਿਆ ਹੈ। ਹਰ ਪਿੰਡ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ, ਧਰਮ ਪ੍ਰਚਾਰ ਕਮੇਟੀ ਦੇ ਮੈਂਬਰ, ਧਰਮ ਪ੍ਰਚਾਰ ਕਮੇਟੀ ਦੇ ਜਥੇ ਦੀ ਸਾਂਝੀ ਟੀਮ ਦੇ 10-15 ਵਿਅਕਤੀਆਂ ਦਾ ਜਾਣਾ, ਉਥੋਂ ਦੀਆਂ ਧਾਰਮਿਕ ਸ਼ਖਸੀਅਤਾਂ ਨਾਲ ਤਾਲਮੇਲ ਕਰਨਾ, ਪਿੰਡ ਦੇ ਪ੍ਰਬੁੱਧ ਤੇ ਵਿਸ਼ੇਸ਼ ਵਿਅਕਤੀਆਂ ਨੂੰ ਇਸ ਮੁਹਿੰਮ ਨਾਲ ਜੋੜਨਾ, ਸਾਰੇ ਪਿੰਡਾਂ ਦਾ



ਸਰਵੇਖਣ ਕਰਨਾ, ਨਵੀਂ ਪੀੜੀ ਦੇ ਪਤਿਤਪੁਣੇ ਦੇ ਕਾਰਨ ਲੱਭਣੇ, ਉਨ੍ਹਾਂ ਦੇ ਸਮਾਧਾਨ ਲਈ ਸੰਭਵ ਜਤਨ ਕਰਦੇ ਹੋਏ ਬੱਚਿਆਂ ਨੂੰ ਪ੍ਰੇਰ ਕੇ ਸਿੱਖੀ ਦੀ ਮੂਲਧਾਰਾ ਵੱਲ ਮੋੜਨਾ ਹੀ ਬੁਨਿਆਦੀ ਮਨੋਰਥ ਹੈ। ਇਹ ਟੀਮ ਜਿਥੇ ਪਿੰਡ ਦੀ ਸਮੁੱਚੇ ਧਾਰਮਿਕ ਬਣਤਰ ਤੇ ਬੁਣਤਰ ਦੀ ਸਟੱਡੀ ਕਰੇਗੀ, ਉਥੇ ਪਿੰਡ ਦੇ ਗੁਰਦੁਆਰੇ ਤੇ ਭਾਈ ਸਾਹਿਬ (ਗ੍ਰੰਥੀ) ਦੀ ਸਾਂਭ-ਸੰਭਾਲ, ਮਰਯਾਦਾ ਤੇ ਲੋੜਾਂ ਬਾਰੇ ਵੀ ਵਿਚਾਰ ਕਰੇਗੀ, ਪ੍ਰਚਾਰ ਲਈ ਸਾਹਿਤ ਵੀ ਵੰਡੇਗੀ, ਪਿੰਡਾਂ ਵਿੱਚ ਦੀਵਾਨ ਵੀ ਲੱਗਣਗੇ, ਢਾਡੀ, ਰਾਗੀ, ਕਵੀਸ਼ਰ ਸਿੰਘਾਂ ਦੇ ਜਥੇ ਇਤਿਹਾਸ ਨੂੰ ਪੁਨਰ ਸੁਰਜੀਤ ਕਰਨ 'ਤੇ ਬਲ ਦੇਣਗੇ। ਜਿਹੜੇ ਬੱਚੇ ਇਨ੍ਹਾਂ ਦੀ ਪ੍ਰੇਰਨਾ ਸਦਕਾ ਸਾਬਤ ਸੂਰਤ ਬਣਨ ਲਈ ਤਿਆਰ ਹੋਣਗੇ, ਉਨ੍ਹਾਂ ਨੂੰ ਸਬੰਧਤ ਤਖ਼ਤ ਸਾਹਿਬਾਨ 'ਤੇ ਵਿਧੀਵਤ ਰੂਪ 'ਚ ਅੰਮ੍ਰਿਤਪਾਨ ਕਰਾਇਆ ਜਾਵੇਗਾ। ਸ਼੍ਰੋਮਣੀ ਕਮੇਟੀ ਤੇ ਧਰਮ ਪ੍ਰਚਾਰ ਕਮੇਟੀ ਦਾ ਹਰ ਮੈਂਬਰ ਇਕ ਸਾਲ ਅੰਦਰ ਪ੍ਰੇਰਨਾ ਕਰਕੇ ਘੱਟੋ-

ਗੁਰਦੁਆਰਾ ਗਜ਼ਟ (੨੬) ਫੱਗਣ (ਫਰਵਰੀ 2018)



ਘੱਟ 550 ਪ੍ਰਾਣੀਆਂ ਨੂੰ ਅੰਮ੍ਰਿਤਧਾਰੀ ਬਣਾਏਗਾ। ਹਰ ਮਹੀਨੇ ਇਸ ਲਹਿਰ ਵਲੋਂ ਕੀਤੀ ਕਾਰਗੁਜ਼ਾਰੀ ਦੀ ਸਵੈ-ਪੜਚੋਲ ਹੋਵੇਗੀ ਉਸ ਵਿਚ ਆਈਆਂ ਮੁਸ਼ਕਿਲਾਂ ਅਤੇ ਨਵੇਂ ਸੁਝਾਵਾਂ ਨੂੰ ਘੋਖ ਕੇ ਸੋਧਾਂ ਹੋਣਗੀਆਂ।

ਆਸ ਕੀਤੀ ਜਾਂਦੀ ਹੈ ਕਿ ਧਰਮ ਪ੍ਰਚਾਰ ਦੀਆਂ ਬਾਕੀ ਗਤੀਵਿਧੀਆਂ ਤੋਂ ਇਲਾਵਾ ਇਹ ਲਹਿਰ ਜਿਸ ਨੂੰ ਅਸੀਂ "550 ਸਾਲ ਗੁਰੂ ਨਾਨਕ ਦੀਆਂ ਸਿੱਖਿਆਵਾਂ ਦੇ ਨਾਲ" ਦਾ ਨਾਂ ਦੇ ਸਕਦੇ ਹਾਂ, ਜੋ 2019 ਵਿੱਚ ਸਾਲ ਭਰ ਲਈ ਮਨਾਈ ਜਾਣੀ ਹੈ। ਇਸ ਦੇ ਸਬੰਧ ਵਿੱਚ ਪ੍ਰਧਾਨ ਜੀ ਦਾ ਟੀਚਾ ਘੱਟੋ ਘੱਟ ਇੱਕ ਲੱਖ ਤੋਂ ਵੱਧ ਨੌਜਵਾਨਾਂ ਨੂੰ ਅੰਮ੍ਰਿਤਧਾਰੀ ਬਣਾ ਕੇ ਮੁੜ ਗੁਰੂ-ਘਰ ਨਾਲ ਜੋੜਨ ਦੀ ਯੋਜਨਾ ਹੈ। ਇਸ ਟੀਚੇ ਨੂੰ ਗਿਣਨਾਤਮਿਕ ਪੱਖੋਂ ਨਹੀਂ ਗੁਣਨਾਤਮਿਕ ਪੱਖੋਂ ਵੇਖਣਾ ਜ਼ਰੂਰੀ ਹੋਵੇਗਾ। ਗੁਰੂ ਕ੍ਰਿਪਾ ਕਰੇ ਜੇ ਇਹ ਉਦਮ ਏਵੇਂ ਹੀ ਸਦਭਾਵਨਾ ਤੇ ਸਾਰੇ ਸਹਿਯੋਗੀਆਂ ਦੀ ਇਮਾਨਦਾਰੀ ਵਾਲੀ ਭਾਵਨਾ ਨਾਲ ਸਿਰੇ ਚੜ੍ਹ ਜਾਂਦਾ ਹੈ ਤਾਂ ਨਿਸ਼ਚੇ ਹੀ ਇਹ ਇਕ ਬਹੁਤ ਵੱਡੀ ਪ੍ਰਾਪਤੀ ਹੋਵੇਗੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਭਵਿੱਖ-ਮੁੱਖੀ ਵਿਚਾਰ-ਪ੍ਰਬੰਧ ਨੂੰ ਵਿਉਂਤਣ ਲਈ ਠੋਸ ਜ਼ਮੀਨ ਮੁਹੱਈਆ ਕਰੇਗੀ, ਇਸ ਦਾ ਸੇਹਰਾ ਸਾਂਝੇ ਤੌਰ 'ਤੇ ਸਾਰੀਆਂ ਟੀਮਾਂ ਦਾ ਹੋਵੇਗਾ ਪਰ ਇਸ ਵਿਚਾਰ ਨੂੰ ਯੋਜਨਾਬੱਧ ਕਰਨ ਲਈ ਭਾਈ ਗੋਬਿੰਦ ਸਿੰਘ ਲੌਂਗੋਵਾਲ ਪ੍ਰਧਾਨ ਤੇ ਉਨਾਂ ਦੀ ਸਹਿਯੋਗੀ ਟੀਮ, ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਦੇਣਾ ਬਣਦਾ ਹੈ, ਜਿਨ੍ਹਾਂ ਨੇ ਆਪਣੀਆਂ ਸਾਰੀਆਂ ਸਰਗਰਮੀਆਂ ਦਾ ਕੇਂਦਰ ਧਰਮ ਪ੍ਰਚਾਰ ਨੂੰ ਬਨਾਉਣ ਲਈ ਪ੍ਰਤੀਬੱਧਤਾ ਦਾ ਪ੍ਰਗਟਾਵਾ ਕੀਤਾ ਹੈ। ਸਾਨੂੰ ਸਾਰਿਆਂ ਨੂੰ ਰਲ ਕੇ ਇਸ ਮੁਹਿੰਮ ਵਿੱਚ ਵਧ ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ ਤਾਂ ਜੋ ਅਸੀਂ ਸਿੱਖੀ ਦੇ ਪ੍ਰਚਾਰ-ਪਸਾਰ ਲਈ ਜਿੱਥੇ-ਜਿੱਥੇ ਵੀ ਹਾਂ, ਜਿੰਨੇ ਯੋਗੇ ਹਾਂ, ਜੋ ਕੁਝ ਕਰਨ ਦੀ ਸਮਰੱਥਾ ਰੱਖਦੇ ਹਾਂ, ਉਹ ਕਰੀਏ! ਗੁਰੂ ਦੇ ਇਸ ਪੁਰਬ ਨੂੰ ਸਮਰਪਿਤ ਹੋ ਕੇ ਗੁਰੂ ਨਾਲ ਜੁੜਨ ਦਾ ਉਪਰਾਲਾ ਕਰੀਏ ਕਿਉਂਕਿ ਅਸੀਂ ਵਡਭਾਗੇ ਹਾਂ ਕਿ ਸਿੱਖਾਂ ਦੇ ਪ੍ਰਥਮ ਗੁਰੂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਸਾਡੇ ਜੀਵਨ-ਕਾਲ ਵਿੱਚ ਆਇਆ ਹੈ। ਇਸ ਦਿਹਾੜੇ ਨੂੰ ਆਪਣੇ ਜੀਵਨ ਵਿੱਚ ਤਾਂ ਹੀ ਠੀਕ ਥਾਂ ਦਿੱਤੀ ਜਾ ਸਕਦੀ ਹੈ, ਜੇਕਰ ਗੁਰੂ-ਆਸ਼ੇ ਅਨੁਸਾਰ ਜੀਵਨ ਦੀ ਸੋਚ ਤੇ ਵਿਹਾਰ ਨੂੰ ਵਿਉਂਤ ਸਕੀਏ।

*(ਪੰਨਾ ੧੮ ਦਾ ਬਾਕੀ)*

ਇਕੱਤਰਤਾ ਹੋਈ ਜਿਸ ਵਿਚ ਫੈਸਲਾ ਕੀਤਾ ਗਿਆ ਕਿ ਅੰਤਮ ਦਿਨ ਨੀਯਤ ਕੀਤੇ ਬਿਨਾਂ ਕੋਈ ਜਥਾ ਨਨਕਾਣਾ ਸਾਹਿਬ ਨਾ ਭੇਜਿਆ ਜਾਵੇ।

ਸ. ਕਰਤਾਰ ਸਿੰਘ ਝੱਬਰ ਤੇ ਸ. ਲਛਮਣ ਸਿੰਘ ਧਾਰੋਵਾਲੀ ਆਪੋ-ਆਪਣੇ ਜਥੇ ਲੈ ਕੇ ਸ੍ਰੀ ਨਨਕਾਣਾ ਸਾਹਿਬ ਪੁੱਜਣਾ ਚਾਹੁੰਦੇ ਸਨ। ਸ. ਕਰਤਾਰ ਸਿੰਘ ਝੱਬਰ ਨੂੰ ਤਾਂ ਸੰਦੇਸ਼ਾ ਪਹੁੰਚਾ ਕੇ ਰੋਕ ਦਿੱਤਾ ਗਿਆ ਪਰ ਸ. ਲਛਮਣ ਸਿੰਘ ਧਾਰੋਵਾਲੀ ੧੯ ਫਰਵਰੀ ਨੂੰ ਜਥਾ ਲੈ ਕੇ ਆਪਣੇ ਪਿੰਡੋਂ ਚੱਲ ਪਏ। ਇਹ ੨੦ ਦੀ ਸਵੇਰ ਨੂੰ ੨੦੦ ਸਿੰਘਾਂ ਨਾਲ ਸ੍ਰੀ ਨਨਕਾਣਾ ਸਾਹਿਬ ਪਹੁੰਚ ਗਏ। ਸ. ਲਛਮਣ ਸਿੰਘ ਨੂੰ ਰੋਕਣ ਲਈ ਸਿੰਘ ਉਸ ਸਮੇਂ ਪਹੁੰਚੇ ਜਦੋਂ ਉਹ ਅਰਦਾਸਾ ਕਰ ਚੁਕੇ ਸਨ। ਉਹ ਦਰਸ਼ਨ ਕਰਨ ਲਈ ਜਨਮ ਅਸਥਾਨ ਪਹੁੰਚ ਗਏ। ਸ. ਲਛਮਣ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠ ਗਏ।

ਮਹੰਤ ਨਰਾਇਣ ਦਾਸ ਨੇ ਕਤਲੇਆਮ ਦੀ ਪੂਰੀ ਤਿਆਰੀ ਕੀਤੀ ਹੋਈ ਸੀ। ਲਾਹੌਰ ਕਮਿਸ਼ਨਰ ਵੱਲੋਂ ਲਿਖੇ ਇਕ ਚਰਚਿਤ ਪੱਤਰ ਵਿਚ ਮਹੰਤ ਨੂੰ ਆਪਣੇ ਕਾਨੂੰਨੀ ਹੱਕਾਂ ਦੀ ਰਾਖੀ ਲਈ ਖੁੱਲ੍ਹੀ ਛੁੱਟੀ ਮਿਲ ਗਈ ਸੀ। ਉਸ ਨਾਲ ਉਸ ਦਾ ਵਤੀਰਾ ਹਠੀਲਾ ਹੋ ਗਿਆ। ਉਨ੍ਹਾਂ ਨੇ ਗੁਰਦੁਆਰਾ ਜਨਮ ਅਸਥਾਨ ਦੇ ਦਰਵਾਜ਼ੇ ਬੰਦ ਕਰ ਦਿੱਤੇ। ਨਰਾਇਣ ਦਾਸ ਦੇ ਗੁੰਡੇ ਤਲਵਾਰਾਂ, ਕੁਹਾੜੀਆਂ ਤੇ ਬੰਦੂਕਾਂ ਨਾਲ ਜ਼ੁਲਮ ਢਾਹੁਣ ਲੱਗੇ। ਛੱਤ ਦੇ ਉੱਤੋਂ ਵੀ ਗੋਲੀਆਂ ਚਲਾਈਆਂ ਗਈਆਂ। ਹਰੀ ਦਾਸ ਜੋਗੀ, ਗੁਰਮੁਖ ਦਾਸ, ਲੱਧਾ, ਰਾਂਝਾ, ਸ਼ੇਰ ਦਾਸ ਆਦਿ ਕਾਤਲਾਂ ਨੇ ਕਹਿਰ ਵਰਤਾ ਦਿੱਤਾ। ਸ. ਲਛਮਣ ਸਿੰਘ ਜੀ ਜਥੇਦਾਰ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠੇ ਸਨ, ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ ਗਿਆ। ਕਈ ਗੋਲੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਵਿਚ ਵੀ ਲੱਗੀਆਂ। ਗੁਰਦੁਆਰਾ ਜਨਮ ਅਸਥਾਨ ਦੀ ਚੁਖੰਡੀ ਦੇ ਦਰਵਾਜ਼ਿਆਂ ਨੂੰ ਕੱਟਿਆ ਗਿਆ। ਸ਼ਹੀਦ ਹੋਏ ਤੇ ਹੋ ਰਹੇ ਸਿੰਘਾਂ ਨੂੰ ਧੂਹ-ਧੂਹ ਕੇ ਲੱਕੜਾਂ ਦੇ ਢੇਰ 'ਤੇ ਸੁੱਟ ਦਿੱਤਾ ਗਿਆ ਤੇ ਤੇਲ ਪਾ ਕੇ ਸਾੜ ਦਿੱਤਾ ਗਿਆ। ਇਹ ਸਾਕਾ ੨੦ ਫਰਵਰੀ ੧੯੨੧ ਨੂੰ ਹੋਇਆ।

ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਦੀ ਖ਼ਬਰ ਨੇ ਸਾਰੇ ਪੰਥ ਤੇ ਦੇਸ਼ ਵਿਚ ਹਾਹਾਕਾਰ ਮਚਾ ਦਿੱਤੀ। ਸਰਦਾਰ ਉੱਤਮ ਸਿੰਘ ਕਾਰਖਾਨੇ ਵਾਲੇ ਨੇ ਇਸ ਸਾਕੇ ਸੰਬੰਧੀ ਪੰਥਕ ਜਥੇਬੰਦੀਆਂ ਤੇ ਸਰਕਾਰੀ ਅਫ਼ਸਰਾਂ ਨੂੰ ਤਾਰਾਂ ਦਿੱਤੀਆਂ। ੨੦ ਫਰਵਰੀ ਨੂੰ ਡਿਪਟੀ ਕਮਿਸ਼ਨਰ ਸ਼ੇਖੂਪੁਰਾ, ਸ੍ਰੀ ਨਨਕਾਣਾ ਸਾਹਿਬ ਪਹੁੰਚ ਗਿਆ। ੨੧ ਤਾਰੀਕ ਨੂੰ ਸ. ਹਰਬੰਸ ਸਿੰਘ ਅਟਾਰੀ, ਪ੍ਰੋ. ਜੋਧ ਸਿੰਘ, ਸ. ਮਹਿਤਾਬ ਸਿੰਘ, ਸ. ਤੇਜਾ ਸਿੰਘ ਸਮੁੰਦਰੀ, ਮਾਸਟਰ ਤਾਰਾ ਸਿੰਘ ਤੇ ਬਾਬਾ ਕੇਹਰ ਸਿੰਘ ਪੱਟੀ ਵੀ ਪਹੁੰਚ ਗਏ। ਸ. ਕਰਤਾਰ ਸਿੰਘ ਝੱਬਰ ੨੨੦੦ ਸਿੰਘਾਂ ਦੇ ਜਥੇ ਨਾਲ ਸ੍ਰੀ ਨਨਕਾਣਾ ਸਾਹਿਬ ਪਹੁੰਚ ਗਏ। ਸਰਕਾਰੀ ਵਿਰੋਧ ਠੁੱਸ ਹੋ ਗਿਆ। ਲਾਹੌਰ ਦਾ ਕਮਿਸ਼ਨਰ ਕਿੰਗ ਵੀ ਪਹੁੰਚ ਗਿਆ। ਉਸ ਨੇ ਸ. ਕਰਤਾਰ ਸਿੰਘ ਝੱਬਰ ਤੇ ਸਰਦਾਰ ਮਹਿਤਾਬ ਸਿੰਘ ਨੂੰ ਇਕ ਕਮੇਟੀ ਬਣਾਉਣ ਲਈ ਕਿਹਾ। ਉਸ ਕਮੇਟੀ ਦਾ ਪ੍ਰਧਾਨ ਸ. ਹਰਬੰਸ ਸਿੰਘ ਅਟਾਰੀ ਸੀ। ਕਿੰਗ ਨੇ ਗੁਰਦੁਆਰੇ ਦੀਆਂ ਚਾਬੀਆਂ ਸ. ਹਰਬੰਸ ਸਿੰਘ ਅਟਾਰੀ ਦੇ ਹਵਾਲੇ ਕਰ ਦਿੱਤੀਆਂ।

ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਨੇ ਸਿੱਖ ਸਮਾਜ, ਰਾਜਨੀਤੀ ਤੇ ਭਾਰਤੀ ਰਾਜਨੀਤੀ 'ਤੇ ਡੂੰਘਾ ਪ੍ਰਭਾਵ ਪਾਇਆ। ਇਸ ਸਾਕੇ ਪਿੱਛੋਂ ਹਜ਼ਾਰਾਂ ਸਿੱਖ ਸ੍ਰੀ ਨਨਕਾਣਾ ਸਾਹਿਬ ਦੇ ਦਰਸ਼ਨਾਂ ਲਈ ਚੱਲ ਪਏ। ਇਸ ਨੇ ਸਿੱਖਾਂ ਵਿਚ ਜੋਸ਼ ਦੀ ਅਗਨੀ ਪ੍ਰਚੰਡ ਕਰ ਦਿੱਤੀ। ੫ ਅਪ੍ਰੈਲ ੧੯੨੧ ਨੂੰ ਸਿੱਖਾਂ ਨੇ ਸ਼ਹੀਦੀ ਦਿਵਸ ਮਨਾਇਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖਾਂ ਨੂੰ ਕਿਹਾ ਕਿ ੧੫ ਨਵੰਬਰ ੧੯੨੧ ਤਕ ਸ਼ਹੀਦਾਂ ਦੀ ਯਾਦ ਵਿਚ 'ਕਾਲੀਆਂ ਦਸਤਾਰਾਂ' ਸਜਾਉਣ। ਉਸ ਸਮੇਂ ਤੋਂ ਕਾਲੀ ਦਸਤਾਰ 'ਅਕਾਲੀਆਂ ਦਾ ਚਿੰਨ੍ਹ' ਬਣ ਗਈ।

ਮਹੰਤ ਤੇ ਉਸ ਦੇ ਗੁੰਡਿਆਂ ਨੂੰ ੧੨ ਅਕਤੂਬਰ ੧੯੨੧ ਨੂੰ ਸੈਸ਼ਨ ਕੋਰਟ ਨੇ ਸਜ਼ਾ ਦਿੱਤੀ। ਅੱਠਾਂ ਨੂੰ ਮੌਤ ਦੀ ਸਜ਼ਾ ਤੇ ਅੱਠਾਂ ਨੂੰ ਉਮਰ ਕੈਦ ਹੋਈ। ਪਰ ਹਾਈਕੋਰਟ 'ਚੋਂ ਨਰਾਇਣ ਦਾਸ ਦੀ ਮੌਤ ਦੀ ਸਜ਼ਾ ਉਮਰ ਕੈਦ ਵਿਚ ਤਬਦੀਲ ਕਰ ਦਿੱਤੀ ਗਈ ਤੇ ਉਹਦੇ ਤਿੰਨ ਸਾਥੀ ਫਾਹੇ ਲਾਏ ਗਏ। ੩ ਮਾਰਚ ੧੯੨੨ ਨੂੰ ਇਸ ਫੈਸਲੇ 'ਚੋਂ ਬਾਕੀ ਬਰੀ ਕਰ ਦਿੱਤੇ ਗਏ।

(ਗੁਰਮਤਿ ਪ੍ਰਕਾਸ਼ ਫਰਵਰੀ ੨੦੦੮ ਵਿਚੋਂ)

# ੧੬ ਫਰਵਰੀ ਤੋਂ ੧੫ ਮਾਰਚ ਵਿਚਲੇ ਇਤਿਹਾਸਕ ਦਿਹਾੜੇ

੧੬ ਫਰਵਰੀ ਤੋਂ ੧੫ ਮਾਰਚ ਵਿਚਲੇ ਇਤਿਹਾਸਕ ਦਿਹਾੜੇ

*-ਦਿਲਜੀਤ ਸਿੰਘ 'ਬੇਦੀ'**

ਪਿੰਡ ਕੈਰੋਂ ਤੋਂ ਕੋਈ ਇੱਕ ਕਿਲੋਮੀਟਰ ਪਿਛਾਂਹ ਤਰਨ ਤਾਰਨ ਵੱਲ ਸੜਕ 'ਤੇ ਇੱਕ ਪਿੰਡ 'ਲਹੁਕੇ' ਹੈ। ਇਸ ਪਿੰਡ ਵਿੱਚ ਇੱਕ ਗੁਰੂ-ਘਰ ਨੂੰ ਮੰਨਣ ਵਾਲਾ ਰਾਮਗੜ੍ਹੀਆ ਪਰਿਵਾਰ ਰਹਿੰਦਾ ਸੀ। ਇਸ ਪਰਿਵਾਰ ਦੇ ਮੁਖੀ ਸ. ਜਵਾਹਰ ਸਿੰਘ ਦੇ ਘਰ ਪੈਦਾ ਹੋਣ ਵਾਲੀ ਔਲਾਦ ਵਿੱਚ ਇੱਕ ਅਜਿਹਾ ਪੁੱਤਰ ਪੈਦਾ ਹੋਇਆ, ਜਿਸ ਨੇ ਇਸ ਪਰਿਵਾਰ ਦਾ ਹੀ ਨਹੀਂ ਸਗੋਂ ਇਸ ਇਲਾਕੇ ਦਾ ਨਾਮ ਸਿੱਖ ਇਤਿਹਾਸ ਵਿੱਚ ਰੌਸ਼ਨ ਕੀਤਾ। ਉਸ ਜੋਧੇ ਦਾ ਨਾਮ ਸ. ਨਰਾਇਣ ਸਿੰਘ ਸੀ, ਜਿਨ੍ਹਾਂ ਦਾ ਜਨਮ ਸੰਨ ੧੮੭੦ ਦੇ ਨੇੜੇ-ਤੇੜੇ ਹੋਇਆ। ਜਦੋਂ ਨਵੀਂ-ਨਵੀਂ ਸਾਂਦਲ ਬਾਰ ਵੱਸੀ ਸੀ ਤਾਂ ਉਨ੍ਹਾਂ ਦੇ ਵੱਡੇ-ਵਡੇਰੇ ਇਥੋਂ ਉੱਠ ਕੇ ਪਾਕਿਸਤਾਨ ਵਿੱਚ ਪਿੰਡ 'ਲਹੁਕੇ' ਚੱਕ ਨੰ: ੭੫, ਡਾਕ. ਖੁਰੜਿਆਂ ਵਾਲਾ (ਲਾਇਲਪੁਰ) ਜਾ ਵੱਸੇ ਸਨ। ਸ. ਸੋਹਨ ਸਿੰਘ ਜੋਸ਼ ਨੇ 'ਅਕਾਲੀ ਮੋਰਚਿਆਂ ਦਾ ਇਤਿਹਾਸ' ਪੁਸਤਕ ਵਿਚ ਲਿਖਿਆ ਹੈ ਕਿ ਗੁਰਦੁਆਰਿਆਂ ਦੀ ਆਜ਼ਾਦੀ ਦਾ ਅਕਾਲੀ ਸੰਘਰਸ਼ ਇਕ ਬੜਾ ਮਹਾਨ ਤੇ ਵਿਸ਼ਾਲ ਸੰਘਰਸ਼ ਸੀ। ਸਖ਼ਤੀ, ਮਾਰ-ਕੁਟਾਈ, ਜੇਲ੍ਹ-ਤਸ਼ੱਦਦ, ਮੌਤ-ਗਿਣਤੀ ਵਗੈਰਾ ਨੂੰ ਵੇਖਿਆ ਜਾਵੇ ਤਾਂ ਅਕਾਲੀ ਤਹਿਰੀਕ ਨੇ ਪਿੰਡਾਂ ਦੀ ਆਮ ਜਨਤਾ ਨੂੰ ਆਪਣੇ ਵੱਲ ਖਿੱਚਿਆ। ਅਕਾਲੀ ਸੰਘਰਸ਼ ਦੀ ਬੁਨਿਆਦ ਆਮ ਕਿਰਸਾਨ ਤੇ ਗਰੀਬ ਪੇਂਡੂ ਲੋਕ ਸਨ। ਇਸ ਸੰਘਰਸ਼ ਨੂੰ ਆਗੂ ਵੀ ਚੰਗੇ, ਸੁਚੱਜੇ ਤੇ ਕੁਰਬਾਨੀ ਵਾਲੇ ਮਿਲ ਗਏ ਸਨ। ਇਸ ਲਈ ਇਹ ਅੰਗਰੇਜ਼ ਸਰਕਾਰ ਨਾਲ ਚੰਗਾ ਲੋਹਾ ਲੈ ਸਕੀ।

ਅਕਾਲੀ ਆਗੂਆਂ ਨੇ ਗੁਰਦੁਆਰਾ ਤਹਿਰੀਕ ਨੂੰ 'ਗੁਰਦੁਆਰਾ ਸੁਧਾਰ ਲਹਿਰ' ਆਖਿਆ ਸੀ ਪਰ ਅਸਲ ਵਿਚ ਇਹ ਗੁਰਦੁਆਰਿਆਂ ਦੀ ਆਜ਼ਾਦੀ ਦੀ ਲਹਿਰ ਸੀ। ਅੰਗਰੇਜ਼ ਸਰਕਾਰ ਨੇ ਗੁਰਦੁਆਰਿਆਂ ਉਤੇ ਪੂਰਾ ਕਬਜ਼ਾ ਕੀਤਾ ਹੋਇਆ ਸੀ। ਗੱਦੀਦਾਰ ਮਹੰਤ ਅੰਗਰੇਜ਼ ਅਫਸਰਾਂ ਦੇ ਹੱਥ-ਠੋਕੇ ਤੇ ਪਾਲਤੂ ਤਾਬਿਆਦਾਰ ਬਣੇ ਹੋਏ ਸਨ। ਉਹ ਮਸੰਦ ਬਣ ਚੁੱਕੇ ਸਨ ਅਤੇ ਸਿੱਖ ਮੱਤ ਦੇ ਅਸੂਲਾਂ ਨੂੰ ਤਿਲਾਂਜਲੀ ਦੇ ਚੁੱਕੇ ਸਨ। ਦੁਰਾਚਾਰ, ਬਦਕਾਰੀ ਤੇ ਭ੍ਰਿਸ਼ਟਾਚਾਰ ਉਨ੍ਹਾਂ ਦਾ ਨਿਤਾਪ੍ਰਤੀ ਦਾ ਕਾਰ-ਵਿਹਾਰ ਬਣ ਗਿਆ ਸੀ। ਗੁਰਦੁਆਰੇ ਅੰਗਰੇਜ਼ ਰਾਜ ਦੀ ਰੱਖਿਆ, ਮਜ਼ਬੂਤੀ ਤੇ ਖੁਸ਼ਾਮਦ ਦੇ ਕੇਂਦਰ ਬਣ ਗਏ ਸਨ ਅਤੇ ਇਨ੍ਹਾਂ ਵਿਚ ਅੰਗਰੇਜ਼ੀ ਰਾਜ ਦੇ ਸਦੀਵੀਂ ਰਹਿਣ ਤੇ ਰੱਖਣ ਦੇ ਅਰਦਾਸੇ ਹੁੰਦੇ ਸਨ। ਗੁਰਦੁਆਰੇ ਸ਼ਰਧਾਲੂਆਂ ਲਈ ਅਸੁਰੱਖਿਅਤ ਹੋ ਗਏ ਸਨ।

ਗੁਰਦੁਆਰਾ ਜਨਮ ਅਸਥਾਨ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਨਨਕਾਣਾ ਸਾਹਿਬ ਦਾ ਪ੍ਰਬੰਧ ਉਸ ਸਮੇਂ ਮਹੰਤ ਨਰਾਇਣ ਦਾਸ ਦੇ ਹੱਥਾਂ ਵਿੱਚ ਸੀ। ਉਹ ਅੰਗਰੇਜ਼ ਸਰਕਾਰ ਦਾ ਪਿੱਠੂ ਸੀ ਅਤੇ ਸਰਕਾਰ ਦਾ ਹੱਥ ਪੂਰੇ ਤੌਰ 'ਤੇ ਉਸ ਦੀ ਪਿੱਠ 'ਤੇ ਸੀ। ਗੁਰਦੁਆਰਾ ਸਾਹਿਬ 'ਚ ਚੜ੍ਹਨ ਵਾਲਾ ਚੜ੍ਹਾਵਾ ਅਤੇ ਜਗੀਰ ਦੇ ਤੌਰ 'ਤੇ ਗੁਰਦੁਆਰੇ ਦੀ ਜ਼ਮੀਨ ਤੋਂ ਹੋਣ ਵਾਲੀ ਆਮਦਨ ਨੇ ਉਸ ਦਾ ਦਿਮਾਗੀ ਤਵਾਜ਼ਨ ਹਿਲਾ ਦਿੱਤਾ ਸੀ। ਉਹ ਰਹਿਤ ਮਰਯਾਦਾ ਭੁੱਲ ਕੇ ਗੁਰਦੁਆਰਾ ਸਾਹਿਬ ਅੰਦਰ ਕੁਕਰਮ ਕਰਨ ਲੱਗ ਪਿਆ ਸੀ। ਉਸ ਨੇ ਆਪਣੀ ਹਿਫਾਜ਼ਤ ਲਈ ਗੁੰਡਿਆਂ ਦਾ ਇਕ ਵੱਡਾ ਟੋਲਾ ਪਾਲ਼ਿਆ ਹੋਇਆ ਸੀ। ਗੁਰੂ-ਘਰ ਮੱਥਾ ਟੇਕਣ ਆਈਆਂ ਬੀਬੀਆਂ ਦੀ ਪਤ 'ਤੇ ਵੀ ਉਸ ਦੇ ਗੁੰਡਿਆਂ ਵੱਲੋਂ ਹਮਲੇ ਹੋਏ ਸਨ। ਇਨ੍ਹਾਂ ਦੁਖਦਾਈ ਘਟਨਾਵਾਂ ਨੇ ਸਿੱਖ ਜਗਤ ਦਾ ਹਿਰਦਾ ਵਲੂੰਧਰ ਕੇ ਰੱਖ ਦਿੱਤਾ ਸੀ। ਸਿੱਖ ਅਤੇ ਗੁਰਦੁਆਰੇ ਦਾ ਸਬੰਧ ਉਸੇ ਤਰ੍ਹਾਂ ਹੈ, ਜਿਵੇਂ ਰੂਹ ਅਤੇ ਸਰੀਰ ਦਾ।

੧੯ ਫਰਵਰੀ ਦੀ ਸਵੇਰ ਨੂੰ ਲਾਹੌਰ ਵਿਖੇ 'ਅਕਾਲੀ' ਅਖ਼ਬਾਰ ਦੇ ਦਫਤਰ ਵਿਚ ਕੁਝ ਅਕਾਲੀ ਨੇਤਾ ਪਹੁੰਚੇ। ਇਥੇ ਇਕ ਮੀਟਿੰਗ ਹੋਈ ਜਿਸ ਵਿਚ ਸ. ਸਰਦੂਲ ਸਿੰਘ ਕਵੀਸ਼ਰ, ਮਾਸਟਰ ਸੁੰਦਰ ਸਿੰਘ ਲਾਇਲਪੁਰੀ, ਸ.

**ਵਧੀਕ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ।*

ਜਸਵੰਤ ਸਿੰਘ ਝਬਾਲ ਅਤੇ ਭਾਈ ਦਲੀਪ ਸਿੰਘ ਸਾਂਗਲਾ ਵੀ ਸ਼ਾਮਲ ਹੋਏ ਅਤੇ ਪਹਿਲੇ ਫੈਸਲੇ ਨੂੰ ਬਹਾਲ ਰੱਖਦਿਆਂ ਪਾਸ ਕੀਤਾ ਗਿਆ ਕਿ ਕੋਈ ਜਥਾ ਮਿਥੀ ਗਈ ਤਰੀਕ ਤੋਂ ਪਹਿਲੋਂ ਸ੍ਰੀ ਨਨਕਾਣਾ ਸਾਹਿਬ ਨਾ ਜਾਵੇ। ਇਸ ਫੈਸਲੇ ਨੂੰ ਅਮਲੀ ਜਾਮਾ ਪੁਆਉਣ ਲਈ ਸ. ਦਲੀਪ ਸਿੰਘ ਤੇ ਸ. ਜਸਵੰਤ ਸਿੰਘ ਨੂੰ ਖਰਾ ਸੌਦਾ ਭੇਜਿਆ ਗਿਆ। ਉਹ ਉਸੇ ਦਿਨ ਇਕ ਵਜੇ ਢਲੀ ਦੁਪਹਿਰੇ ਉਥੇ ਪਹੁੰਚ ਗਏ ਅਤੇ ਅੱਠ ਵਜੇ ਰਾਤ ਤਕ ਉਨ੍ਹਾਂ ਨੇ ਭਾਈ ਕਰਤਾਰ ਸਿੰਘ ਨੂੰ ਮਨਾ ਲਿਆ ਕਿ ਉਹ ਫੈਸਲੇ ਦੀ ਉਲੰਘਣਾ ਨਾ ਕਰੇ। ਪਿੱਛੋਂ ਭਾਈ ਦਲੀਪ ਸਿੰਘ ਨੇ ਆਪਣੇ ਸਿਰ ਜ਼ਿੰਮੇਵਾਰੀ ਲਈ ਕਿ ਉਹ ਜਾ ਕੇ ਭਾਈ ਲਛਮਣ ਸਿੰਘ ਦੇ ਜਥੇ ਨੂੰ ਸ੍ਰੀ ਨਨਕਾਣਾ ਸਾਹਿਬ ਜਾਣੋਂ ਰੋਕੇਗਾ। ਉਹ ਘੋੜਿਆਂ ਉਤੇ ਚੰਦਰ ਕੋਟ ਪਹੁੰਚੇ ਪਰ ਭਾਈ ਲਛਮਣ ਸਿੰਘ ਉਥੇ ਨਾ ਮਿਲਿਆ।

ਉਸੇ ਦਿਨ ਸ. ਤੇਜਾ ਸਿੰਘ ਸਮੁੰਦਰੀ ਅਤੇ ਮਾਸਟਰ ਤਾਰਾ ਸਿੰਘ ਸ਼੍ਰੋਮਣੀ ਕਮੇਟੀ ਦੀ ਇਕ ਬਾਕਾਇਦਾ ਮੀਟਿੰਗ ਵਿਚ ਅੰਮ੍ਰਿਤਸਰ ਸ਼ਾਮਲ ਹੋਏ। ਇਥੇ ਫੈਸਲਾ ਕੀਤਾ ਗਿਆ ਕਿ ਸ. ਤੇਜਾ ਸਿੰਘ ਸਮੁੰਦਰੀ ਅਤੇ ਮਾਸਟਰ ਤਾਰਾ ਸਿੰਘ ਵਗੈਰਾ ਤੁਰੰਤ ਸ੍ਰੀ ਨਨਕਾਣਾ ਸਾਹਿਬ ਵੱਲ ਤੁਰ ਜਾਣ ਅਤੇ ਲੋਕਾਂ ਨੂੰ ਗੁਰਦੁਆਰਾ ਜਨਮ ਅਸਥਾਨ ਵਿਚ ਜਾਣੋਂ ਰੋਕਣ। ੧੯ ਫਰਵਰੀ ਨੂੰ ਭਾਈ ਲਛਮਣ ਸਿੰਘ ਆਪਣੇ ਪਿੰਡੋਂ ਛੇ ਅਕਾਲੀ ਹੋਰ ਨਾਲ ਲੈ ਕੇ ਸ਼ਾਮ ਨੂੰ ਬੜੀ ਦੇਰ ਨਾਲ ਤੁਰੇ। ਉਨ੍ਹਾਂ ਨਾਲ ਆਪਣੀ ਸ੍ਰੀਮਤੀ ਤੇ ਇਕ ਉਸਤਾਨੀ ਵੀ ਸੀ। ਰਸਤੇ ਵਿਚ ਉਨ੍ਹਾਂ ਨਾਲ ਇਕ ਹੋਰ ਬੀਬੀ ਸ਼ਾਮਲ ਹੋ ਗਈ। ਉਨ੍ਹਾਂ ਨੇ ੧੯ ਅਕਾਲੀ ਦੇਵੀ ਸਿੰਘ ਵਾਲਾ ਤੋਂ, ੧੧ ਧਨੂੰਵਾਲ ਤੋਂ, ੭ ਜਾਂ ੮ ਚੇਲਾਵਾਲਾ ਤੋਂ, ੬ ਠੇਠੀਆਂ ਤੋਂ, ੫ ਮੂਲਾ ਸਿੰਘ ਵਾਲਾ ਅਤੇ ਕੁਝ ਹੋਰ ਪਿੰਡਾਂ ਤੋਂ ਆਪਣੇ ਨਾਲ ਹੋਰ ਅਕਾਲੀ ਲਏ। ਇਹ ਕੁੱਲ ਮਿਲਾ ਕੇ ੧੫੦ ਸੂਰਬੀਰਾਂ ਦਾ ਜਥਾ ਬਣ ਗਿਆ। ਇਸ ਜਥੇ ਵਿਚ ਭਾਈ ਨਰਾਇਣ ਸਿੰਘ ਲਹੁਕੇ ਵਾਲਾ ਵੀ ਸ਼ਾਮਲ ਸੀ। ੨੦ ਫਰਵਰੀ ਨੂੰ ਸਵੇਰ ਦੇ ਕੋਈ ੫ ਵਜੇ ਜਨਮ ਅਸਥਾਨ ਦੇ ਉੱਤਰ ਵੱਲ ਭੱਠਿਆਂ ਉਤੇ ਇਨ੍ਹਾਂ ਕੋਲ ਭਾਈ ਦਲੀਪ ਸਿੰਘ ਦਾ ਆਦਮੀ ਸੰਦੇਸ਼ ਲੈ ਕੇ ਪਹੁੰਚਾ, ਜਿਸ ਵਿਚ ਲਿਖਿਆ ਹੋਇਆ ਸੀ ਕਿ ਭਾਈ ਸਾਹਿਬ ਹੋਰੀਂ ਜਥੇ ਸਮੇਤ ਸ੍ਰੀ ਨਨਕਾਣਾ ਸਾਹਿਬ ਤੋਂ ਵਾਪਸ ਚਲੇ ਜਾਣ ਅਤੇ ਸ੍ਰੀ ਨਨਕਾਣਾ ਸਾਹਿਬ ਵਿਚ ਬਿਲਕੁਲ ਪੈਰ ਨਾ ਰੱਖਣ। ਭਾਈ ਲਛਮਣ ਸਿੰਘ, ਭਾਈ ਦਲੀਪ ਸਿੰਘ ਦਾ ਬੜਾ ਆਦਰ- ਸਨਮਾਨ ਕਰਦੇ ਸਨ, ਉਹ ਇਹ ਹੁਕਮ ਮੰਨ ਕੇ ਵਾਪਸ ਜਾਣ ਲਈ ਤਿਆਰ ਹੋ ਗਏ, ਪਰ ਭਾਈ ਟਹਿਲ ਸਿੰਘ ਕਹਿਣ ਲੱਗੇ ਕਿ ਅੱਜ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਜਨਮ ਦਿਨ ਹੈ। ਇਥੇ ਹੁਣ ਪਹੁੰਚੇ ਹੋਏ ਹਾਂ। ਚੱਲੋ ਗੁਰਦੁਆਰੇ ਦੇ ਦਰਸ਼ਨ ਕਰਦੇ ਚੱਲੀਏ। ਮਹੰਤ ਸਾਨੂੰ ਕਤਲ ਹੀ ਕਰ ਦੇਵੇਗਾ ਨਾ? ਕੋਈ ਗੱਲ ਨਹੀਂ। ਜਦੋਂ ਅਸਾਂ ਕੋਈ ਹਥਿਆਰ ਨਹੀਂ ਚੁੱਕਣਾ, ਸ਼ਾਂਤਮਈ ਰਹਿਣਾ ਏ, ਮੁਕਾਬਲਾ ਨਹੀਂ ਕਰਨਾ ਅਤੇ ਭੜਕਾਹਟ ਪੈਦਾ ਕਰਨ ਲਈ ਕੋਈ ਗੱਲ ਨਹੀਂ ਕਰਨੀ, ਮੱਥਾ ਟੇਕ ਕੇ ਵਾਪਸ ਆ ਜਾਣਾ ਏ ਤਾਂ ਫਿਰ ਝਗੜਾ ਕਿਉਂ ਹੋਊ? ਪਰ ਉਨ੍ਹਾਂ ਨੂੰ ਮਹੰਤ ਦੇ ਸ਼ੈਤਾਨੀ ਮਨਸੂਬਿਆਂ ਦਾ ਪਤਾ ਨਹੀਂ ਸੀ।

ਮਹੰਤ ਨੂੰ ਇਸ ਦੀ ਸੂਹ ਪਹਿਲਾਂ ਹੀ ਮਿਲ ਗਈ ਸੀ। ਉਸ ਨੇ ਵੀ ਸਿੰਘਾਂ ਦਾ ਟਾਕਰਾ ਕਰਨ ਲਈ ਤਲਵਾਰਾਂ, ਗੰਡਾਸੇ,ਤੇਲ ਦੇ ਪੀਪੇ ਅਤੇ ਲੋੜੀਂਦੇ ਅਸਲੇ ਦਾ ਪ੍ਰਬੰਧ ਕਰ ਲਿਆ ਸੀ। ਸ. ਕਰਤਾਰ ਸਿੰਘ ਝੱਬਰ ਦਾ ਜਥਾ ਤਾਂ ਰਸਤੇ ਵਿੱਚ ਹੀ ਰੋਕ ਲਿਆ ਗਿਆ ਸੀ ਪਰ ਭਾਈ ਲਛਮਣ ਸਿੰਘ ਜੀ ਦਾ ਜਥਾ ਦਰਬਾਰ ਸਾਹਿਬ ਅੰਦਰ ਕਰੀਬ ਛੇ ਵਜੇ ਸਵੇਰੇ ਦਾਖਲ ਹੋ ਗਿਆ। ਮਹੰਤ ਦੇ ਗੁੰਡੇ ਪਹਿਲਾਂ ਹੀ ਤਿਆਰ ਬੈਠੇ ਸਨ। ਅੰਦਰ ਪੁੱਜਦੇ ਸਾਰ ਹੀ ਭਾਈ ਲਛਮਣ ਸਿੰਘ ਹੋਰਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਿਆ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠ ਗਏ। ਮਿਥੇ ਹੋਏ ਪ੍ਰੋਗਰਾਮ ਅਨੁਸਾਰ ਮਹੰਤ ਦੇ ਗੁੰਡਿਆਂ ਨੇ ਇਨ੍ਹਾਂ ਸਿੰਘਾਂ 'ਤੇ ਗੋਲੀਆਂ ਦਾ ਮੀਂਹ ਵਰਸਾ ਦਿੱਤਾ। ਫੱਟੜ ਹੋਏ ਸਿੰਘਾਂ 'ਤੇ ਗੁੰਡੇ ਤਲਵਾਰਾਂ ਤੇ ਗੰਡਾਸਿਆਂ ਨਾਲ ਟੁੱਟ ਕੇ ਪੈ ਗਏ ਅਤੇ ਉਨ੍ਹਾਂ ਦੇ ਟੁਕੜੇ ਕਰਕੇ, ਮਿੱਟੀ ਦਾ ਤੇਲ ਪਾ ਕੇ ਸਾੜਨ ਲੱਗੇ। ਭਾਈ ਲਛਮਣ ਸਿੰਘ ਜੀ ਨੂੰ ਜ਼ਿੰਦਾ ਹੀ ਨੇੜੇ ਦੇ ਜੰਡ ਦੇ ਰੁੱਖ ਨਾਲ ਬੰਨ੍ਹ ਕੇ ਮਿੱਟੀ ਦਾ ਤੇਲ ਪਾ ਕੇ ਸਾੜ ਦਿੱਤਾ ਗਿਆ ਸੀ। ਸ੍ਰੀ ਨਨਕਾਣਾ ਸਾਹਿਬ ਦੇ ਇਸ ਖ਼ੂਨੀ ਸਾਕੇ ਵਿੱਚ ਹੀ ਭਾਈ ਨਰਾਇਣ ਸਿੰਘ ਵੀ ਸ਼ਹੀਦ ਹੋਏ। ਇਨ੍ਹਾਂ ਦੇ ਨਾਲ ਹੀ ਲਹੁਕਿਆਂ ਦੇ ਸ. ਕਰਮ ਸਿੰਘ ਅਤੇ ਸ. ਮਹਿੰਗਾ ਸਿੰਘ ਵੀ ਸ਼ਹੀਦ ਹੋ ਗਏ ਸਨ। ੧੨ ਜੁਲਾਈ ੨੦੧੨ ਨੂੰ ਕੇਂਦਰੀ ਸਿੱਖ ਅਜਾਇਬਘਰ ਵਿਖੇ ਭਾਈ ਨਰਾਇਣ ਸਿੰਘ ਸ਼ਹੀਦ ਦਾ ਚਿੱਤਰ ਸੁਸ਼ੋਭਿਤ ਕੀਤਾ ਗਿਆ ਹੈ।

■

# ੧੬ ਫਰਵਰੀ ਤੋਂ ੧੫ ਮਾਰਚ ਵਿਚਲੇ ਇਤਿਹਾਸਕ ਦਿਹਾੜੇ

੧੬ ਫਰਵਰੀ ਤੋਂ ੧੫ ਮਾਰਚ ਵਿਚਲੇ ਇਤਿਹਾਸਕ ਦਿਹਾੜੇ

*-ਡਾ. ਅਮਰਜੀਤ ਕੌਰ**

ਗੁਰੂ ਸਾਹਿਬਾਨ ਦਾ ਉਦੇਸ਼ ਹੀ ਨੀਵਿਆਂ ਨੂੰ ਗ਼ਲ ਨਾਲ ਲਾਉਣਾ ਸੀ, ਜਿਸ ਤਹਿਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੋਲੀ ਨੂੰ ਨਵਾਂ ਰੂਪ ਦਿੱਤਾ। ਖਾਲਸਾ ਹੋਲੀ ਦੇ ਪਰੰਪਰਾਗਤ ਰੂਪ ਨੂੰ ਪ੍ਰਵਾਨ ਨਹੀਂ ਕਰਦਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਾਨਵ ਬਲ ਹਾਸਲ ਕਰ ਕੇ ਮੁਰਦਾ ਹੋ ਚੁੱਕੇ ਦਿਲਾਂ ਵਿਚ ਜਾਨ ਪਾ ਕੇ ਸੁਰਜੀਤ ਕੀਤਾ। ਹਿੰਦੁਸਤਾਨ ਦੇ ਇਤਿਹਾਸ ਵਿਚ ਪੜ੍ਹੀ ਜਾਣ ਵਾਲੀ ਵਿਲੱਖਣ ਦਾਸਤਾਨ ਹੈ।

ਪਹਿਲੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਭ ਤੋਂ ਪਹਿਲਾਂ ਇਸ ਗੱਲ ਵੱਲ ਸੰਕੇਤ ਦਿੱਤਾ ਕਿ ਕਿਵੇਂ ਗਿਆਨ ਵਿਹੂਣੀ ਜਨਤਾ ਬੇਅਣਖ ਹੋ ਕੇ ਮੁਰਦਿਆਂ ਵਾਂਗ ਹਕੂਮਤ ਦੀ ਵਫ਼ਾਦਾਰੀ ਕਰ ਰਹੀ ਹੈ ਅਤੇ ਗ਼ੁਲਾਮਾਂ ਵਾਲੀ ਜ਼ਿੰਦਗੀ ਜੀਅ ਰਹੀ ਹੈ। 'ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ॥' ਗੁਰੂ ਜੀ ਨੇ ਲੋਕਾਂ ਨੂੰ ਸਵੈ-ਗਿਆਨ ਦਾ ਪ੍ਰਕਾਸ਼ ਕਰਾਇਆ। ਗੁਰੂ ਸਾਹਿਬ ਜੀ ਦੇ ਨਵੇਂ ਵਿਚਾਰਾਂ ਸਦਕਾ ਐਸੀ ਸੰਗਤ ਬਣੀ ਜਿਨ੍ਹਾਂ ਤਕੜੀਆਂ ਘਾਲਾਂ ਘਾਲੀਆਂ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤਖ਼ਤ 'ਤੇ ਬੈਠੇ ਅਤੇ ਉਨ੍ਹਾਂ ਨੇ ਮੀਰੀ-ਪੀਰੀ ਦੀਆਂ ਦੋ ਕਿਰਪਾਨਾਂ ਪਹਿਨੀਆਂ ਤੇ ਸ਼ਾਹੀ ਵਸਤਰ ਧਾਰਨ ਕੀਤੇ। ਗੁਰੂ ਜੀ ਨੇ ਬਾਬਾ ਬੁੱਢਾ ਜੀ ਨੂੰ ਕਹਿ ਕੇ ਸੰਗਤ ਨੂੰ ਚੰਗੇ ਸ਼ਸਤਰ, ਵਧੀਆ ਘੋੜੇ ਗੁਰੂ ਭੇਟਾ 'ਚ ਲਿਆਉਣ ਲਈ ਸੁਨੇਹੇ ਭਿਜਵਾਏ। ਸਿੱਖ ਨੌਜਵਾਨਾਂ ਨੂੰ ਗੁਰੂ ਸਾਹਿਬ ਨੇ ਘੋੜਸਵਾਰੀ, ਸ਼ਸਤਰ ਚਲਾਉਣੇ, ਸ਼ਿਕਾਰ ਖੇਡਣਾ, ਕਸਰਤਾਂ ਕਰਨੀਆਂ, ਗਤਕਾਬਾਜ਼ੀ ਅਤੇ ਉਹ ਖੇਡਾਂ ਜਿਸ ਨਾਲ ਸਰੀਰ ਰਿਸ਼ਟ-ਪੁਸ਼ਟ ਰਹੇ ਆਦਿ ਕਰਾਉਣੀਆਂ ਸ਼ੁਰੂ ਕਰ ਦਿੱਤੀਆਂ। ਗੁਰੂ ਸਾਹਿਬ ਕੋਲ ਤਕੜੀ ਫੌਜ ਤਿਆਰ ਹੋ ਗਈ ਸੀ। ਇਹੀ ਕਾਰਨ ਸੀ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਜਿੰਨੀਆਂ ਵੀ ਲੜਾਈਆਂ ਮੁਗ਼ਲ ਸਾਮਰਾਜ ਨਾਲ ਲੜੀਆਂ ਉਨ੍ਹਾਂ ਵਿਚ ਸ਼ਾਨਦਾਰ ਜਿੱਤਾਂ ਹਾਸਲ ਕੀਤੀਆਂ। ਲੋਕਾਂ ਨੂੰ ਯਕੀਨ ਹੋ ਗਿਆ ਕਿ ਪੰਜਵੇਂ ਪਾਤਸ਼ਾਹ ਦੀ ਸ਼ਹੀਦੀ ਅਜਾਈਂ ਨਹੀਂ ਗਈ। ਉਹ ਕੁਝ ਕਰਨ ਦੇ ਕਾਬਲ ਹੋ ਗਏ ਹਨ। ਪੰਜਾਬ ਦਾ ਕੇਂਦਰੀ ਇਲਾਕਾ ਮਾਝਾ ਗੁਰੂ ਸਾਹਿਬ ਜੀ ਦੇ ਹੁਕਮਾਂ 'ਤੇ ਜਾਨਾਂ ਵਾਰਨ ਨੂੰ ਤਿਆਰ ਹੋ ਗਿਆ ਸੀ। ਨੌਵੇਂ ਪਾਤਸ਼ਾਹ ਦੀ ਸ਼ਹਾਦਤ ਨੇ ਸਾਰੇ ਦੇਸ਼ ਨੂੰ ਇਕ ਵਾਰੀ ਫਿਰ ਝੰਜੋੜ ਕੇ ਰੱਖ ਦਿੱਤਾ। ਸ੍ਰੀ ਅਨੰਦਪੁਰ ਸਾਹਿਬ ਨੂੰ ਵਹੀਰਾਂ ਘੱਤੀਆਂ ਗਈਆਂ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਪਦੇਸ਼ਾਂ ਅਤੇ ਫੌਜੀ ਸਿੱਖਿਆ ਰਾਹੀਂ ਆਪਣੇ ਸਿੱਖਾਂ ਨੂੰ ਮਾਨਵਤਾ ਪ੍ਰਤੀ ਉਨ੍ਹਾਂ ਦੇ ਹੱਕਾਂ ਅਤੇ ਫ਼ਰਜ਼ਾਂ ਤੋਂ ਜਾਣੂ ਕਰਵਾਇਆ। ਵਧੀਆ ਘੋੜੇ ਖਰੀਦੇ ਗਏ। ਬਹੁ-ਗਿਣਤੀ ਵਿਚ ਹਥਿਆਰ ਇਕੱਤਰ ਕੀਤੇ ਗਏ। ਕਿਲ੍ਹੇ ਬਣਵਾਏ, ਨਗਾਰੇ 'ਤੇ ਚੋਟ ਲਗਾਈ ਗਈ, ਉੱਚੇ ਨਿਸ਼ਾਨ ਸਾਹਿਬ ਝੁਲਾਏ। ਇਸ ਤਰ੍ਹਾਂ ਧਾਰਮਿਕ ਸ਼ਰਧਾ ਰੱਖਣ ਵਾਲਿਆਂ ਦੀ ਸਵੈ-ਸੇਵੀ ਫੌਜ ਤਿਆਰ ਹੁੰਦੀ ਗਈ, ਜਿਸ ਦਾ ਗੁਰੂ ਸਾਹਿਬ ਆਪ ਨਿਰੀਖਣ ਕਰਦੇ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਚ ਪੰਜ ਕਿਲ੍ਹੇ ਬਣਵਾਏ। ਇਹ ਕਿਲ੍ਹੇ ਅਨੰਦਗੜ੍ਹ ਸਾਹਿਬ, ਕੇਸਗੜ੍ਹ ਸਾਹਿਬ, ਫ਼ਤਿਹਗੜ੍ਹ ਸਾਹਿਬ, ਅਗੰਮਗੜ੍ਹ ਸਾਹਿਬ ਤੇ ਹੋਲਗੜ੍ਹ ਸਾਹਿਬ ਸਨ।

ਹੋਲਾ ਸ਼ਬਦ ਦੇ ਅਰਥ ਹਨ- ਹਮਲਾ ਜਾਂ ਰੱਲਾ ਜਾਂ ਹੱਲਾ ਕਰਨ ਦੀ ਥਾਂ। 'ਮਹਾਨ ਕੋਸ਼' ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖਾਲਸੇ ਨੂੰ ਸ਼ਸਤ੍ਰ ਅਤੇ ਯੁੱਧ ਵਿੱਦਿਆ ਵਿਚ ਨਿਪੁੰਨ ਕਰਨ ਲਈ ਇਹ ਰੀਤਿ ਚਲਾਈ ਸੀ ਕਿ ਦੋ ਦਲ ਬਣਾ ਕੇ ਪ੍ਰਧਾਨ ਸਿੰਘਾਂ ਦੀ ਅਗਵਾਈ ਹੇਠ ਇਕ ਖਾਸ ਥਾਂ 'ਤੇ ਕਬਜ਼ਾ ਕਰਨ ਲਈ ਹਮਲਾ ਕਰਨਾ।

---

**ਪਿੰਡ ਤੇ ਡਾਕ: ਇੱਬਣ ਕਲਾਂ, ਝਬਾਲ ਰੋਡ, ਸ੍ਰੀ ਅੰਮ੍ਰਿਤਸਰ।*

ਕਲਗੀਧਰ ਆਪ ਇਸ ਮਸਨੂਈ ਜੰਗ ਦਾ ਕਰਤਬ ਦੇਖਦੇ ਤੇ ਦੋਹਾਂ ਦਲਾਂ ਨੂੰ ਸ਼ੁਭ ਸਿੱਖਿਆ ਦਿੰਦੇ ਸੀ ਅਤੇ ਜੋ ਦਲ ਕਾਮਯਾਬ ਹੁੰਦਾ ਉਸ ਨੂੰ ਦੀਵਾਨ ਵਿਚ ਸਿਰੋਪਾ ਬਖ਼ਸ਼ਦੇ ਸਨ।

ਦਸਮੇਸ਼ ਜੀ ਨੇ ਸੰਮਤ ੧੭੫੭ ਚੇਤ ਵਦੀ ੧ ਨੂੰ ਹੋਲਗੜ੍ਹ ਕਿਲ੍ਹੇ ਵਿਚ ਹੋਲਾ-ਮਹੱਲਾ ਖੇਡਣ ਦੀ ਰੀਤ ਚਲਾਈ। ਖਾਲਸੇ ਦੇ ਬੋਲੇ ਵਿਚ ਕਵੀ ਨਿਹਾਲ ਸਿੰਘ ਹੋਲਾ ਬਾਰੇ ਇਸ ਤਰ੍ਹਾਂ ਲਿਖਦੇ ਹਨ:

ਬਰਛਾ ਢਾਲ ਕਟਾਰਾ ਤੇਗਾ, ਕੜਛਾ ਦੇਗਾ ਗੋਲਾ ਹੈ।
ਛਕਾ ਪ੍ਰਸ਼ਾਦ ਸਜਾ ਦਸਤਾਰਾ, ਅਰੁ ਕਰਦੋਨਾ ਟੋਲਾ ਹੈ।
ਸ਼ੁਭ ਟਕਸ਼ਾਲਾ ਅਰੁ ਲੱਖ ਬਾਹਾ ਕਲਗਾ ਸਿੰਘ ਸੁਹੇਲਾ ਹੈ।
ਅਪਰ ਮੁਸ਼ਹਿਰਾ ਦੂਾੜਾ ਜੈਸੇ, ਤੈਸਾ ਹੋਲਾ ਬੋਲਾ ਹੈ।

ਹੋਲਾ ਸ਼ਬਦ ਹੋਲੀ ਦਾ ਧੜੱਲੇਦਾਰ ਬਦਲਵਾਂ ਰੂਪ ਹੈ ਜੋ ਡਿੱਗਿਆਂ-ਢੱਠਿਆਂ ਦੇ ਹਿਰਦੇ ਅੰਦਰ ਉਤਸ਼ਾਹ ਤੇ ਹੁਲਾਸ ਪੈਦਾ ਕਰਦਾ ਹੈ। ਖਾਲਸੇ ਨੇ ਲੋਕਾਂ ਦੇ ਮਨਾਂ ਵਿਚ ਚੜ੍ਹਦੀ ਕਲਾ ਤੇ ਸੂਰਬੀਰਤਾ ਦਾ ਜਜ਼ਬਾ ਭਰਨ ਲਈ ਮਾਰਸ਼ਲ ਆਰਟ ਦੇ ਨਾਲ ਖਾਲਸਾਈ ਬੋਲੇ ਪ੍ਰਚਲਿਤ ਕੀਤੇ ਜਿਨ੍ਹਾਂ ਨੂੰ ਹੁਣ ਤਕ ਬੋਲਿਆ ਜਾ ਰਿਹਾ ਹੈ। ਇਸ ਤਰ੍ਹਾਂ ਹੋਲੀ ਨੂੰ ਹੋਲਾ ਕਹਿਣਾ ਖਾਲਸੇ ਦੀ ਵਿਲੱਖਣਤਾ 'ਤੇ ਚੜ੍ਹਦੀ ਕਲਾ ਦੇ ਪ੍ਰਤੀਕ ਦੀ ਭਾਵਨਾ ਨੂੰ ਪ੍ਰਗਟਾਉਣਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਤਮਿਕ ਸ਼ਕਤੀ ਦੇ ਚਮਤਕਾਰ ਦਿਖਾਉਣੇ ਅਰੰਭ ਕਰ ਦਿੱਤੇ। ਕਨਿੰਘਮ ਆਪਣੇ ਇਤਿਹਾਸ ਵਿਚ ਲਿਖਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੈਰਾਂ ਹੇਠ ਲਿਤਾੜੀਆਂ ਹੋਈਆਂ ਸੁੱਤੀਆਂ ਤੇ ਅਲਸਾਈਆਂ ਸ਼ਕਤੀਆਂ ਨੂੰ ਸਫ਼ਲ ਢੰਗ ਨਾਲ ਉਤਾਰਿਆ। ਸ਼ੂਦਰਾਂ ਤੋਂ ਸ਼ੇਰ ਬਣਾਉਣ ਬਾਰੇ ਮੈਕਾਲਫ ਕਹਿੰਦਾ ਹੈ ਕਿ ਸਿੱਖ ਗੁਰੂ ਸਾਹਿਬਾਨ ਤੋਂ ਪਹਿਲਾਂ ਭਾਰਤ ਵਿਚ ਕਿਸੇ ਵੀ ਯੁੱਧ ਨਾਇਕ ਨੂੰ ਉਨ੍ਹਾਂ ਬੰਦਿਆਂ ਤੋਂ ਸੈਨਾ ਨਿਰਮਾਣ ਕਰਨ ਦਾ ਚਿਤ ਚੇਤਾ ਵੀ ਨਹੀਂ ਸੀ ਜਿਨ੍ਹਾਂ ਨੂੰ ਜਨਮ ਜਾਤ ਤੋਂ ਅਪਵਿੱਤਰ ਸਮਝਿਆ ਜਾਂਦਾ ਸੀ।

ਦੌਲਤ ਰਾਏ ਦੇ ਮਤ ਅਨੁਸਾਰ ਜੋ ਕੁਝ ਭਗਵਾਨ ਰਾਮ ਨਾ ਕਰ ਸਕੇ, ਜਿਸ ਦਾ ਸ੍ਰੀ ਕ੍ਰਿਸ਼ਨ ਨੂੰ ਕੋਈ ਫੁਰਨਾ ਨਾ ਫੁਰਿਆ, ਜਿਹੜਾ ਕੰਮ ਸ਼ੰਕਰਾਚਾਰੀਆ ਨੂੰ ਘਟੀਆ ਦਿੱਸਦਾ ਸੀ, ਜਿਸ ਦਾ ਧਿਆਨ ਸੂਰਜ ਅਤੇ ਚੰਦਰ ਬੰਸੀ ਵੀਰਾਂ ਨੂੰ ਨਾ ਆਇਆ, ਉਹ ਕੰਮ ਪੂਰਾ ਕਰਨ ਦਾ ਬੀੜਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਚੁੱਕਿਆ ਤੇ ਪੂਰਾ ਕਰ ਵਿਖਾਇਆ। ਉਹ ਲੋਕ ਜਿਨ੍ਹਾਂ ਤੇਗ ਨੂੰ ਕਦੀ ਛੁਹਿਆ ਨਹੀਂ ਸੀ, ਜਿਨ੍ਹਾਂ ਦੀਆਂ ਮਨੂਵਾਦੀ ਬ੍ਰਾਹਮਣਾਂ ਨੇ ਠੱਠੀਆਂ, ਖੂਹ, ਛੱਪੜ ਅਲੱਗ ਕਰ ਦਿੱਤੇ ਸਨ। ਜਿਨ੍ਹਾਂ ਨੂੰ ਪ੍ਰਭੂ ਭਗਤੀ ਕਰਨ ਦੇ, ਵਿੱਦਿਆ ਪੜ੍ਹਨ ਦੇ ਅਧਿਕਾਰਾਂ ਤੋਂ ਵੰਚਿਤ ਕਰ ਦਿੱਤਾ ਗਿਆ ਸੀ, ਜਿਨ੍ਹਾਂ ਦਾ ਪਰਛਾਵਾਂ ਲੈਣਾ ਭ੍ਰਿਸ਼ਟ ਹੋ ਜਾਣਾ ਐਲਾਨ ਕਰ ਦਿੱਤਾ ਜਾ ਚੁੱਕਾ ਸੀ। ਗੁਰੂ ਸਾਹਿਬ ਨੇ ਇਨ੍ਹਾਂ ਮਸੂਮ ਚਿੜੀਆਂ ਨੂੰ ਬਾਜ਼ਾਂ ਨਾਲ ਲੜਨ ਤੇ ਲੜ ਕੇ ਮਾਰ ਦੇਣ ਦੇ ਸਮਰੱਥ ਕਰ ਦਿੱਤਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਹੋਲਾ ਮਹੱਲਾ ਦੀ ਪਰੰਪਰਾ ਹੁਣ ਤਕ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ਼ਾਨ-ਓ-ਸ਼ੌਕਤ ਨਾਲ ਚਲਾਈ ਜਾ ਰਹੀ ਹੈ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਪੰਜ ਪਿਆਰਿਆਂ ਦੀ ਅਗਵਾਈ ਵਿਚ ਮਹੱਲਾ ਕੱਢਿਆ ਜਾਂਦਾ ਹੈ। ਗੁਰੂ ਦੀਆਂ ਲਾਡਲੀਆਂ ਫੌਜਾਂ ਘੋੜਿਆਂ 'ਤੇ ਸਵਾਰ ਹੋ ਕੇ ਤੇ ਪੈਦਲ ਜੈਕਾਰੇ ਛੱਡਦੀਆਂ ਹੋਈਆਂ ਪੂਰੇ ਜਾਹ-ਓ-ਜਲਾਲ ਨਾਲ ਚਲਦੀਆਂ ਹਨ। ਜਿਹੜੀਆਂ ਵੀ ਸੰਗਤਾਂ ਗੁਰਧਾਮਾਂ ਦੇ ਦਰਸ਼ਨ ਕਰਨ ਤੁਰੀਆਂ ਹੁੰਦੀਆਂ ਹਨ ਉਹ ਹੋਲੇ ਮਹੱਲੇ ਵਾਲੇ ਦਿਨ ਸ੍ਰੀ ਅਨੰਦਪੁਰ ਸਾਹਿਬ ਹੁੰਦੀਆਂ ਹਨ। ਲੱਖਾਂ ਦੀ ਗਿਣਤੀ ਵਿਚ ਸੰਗਤਾਂ ਮਹੱਲੇ ਦੇ ਦਰਸ਼ਨ ਕਰ ਕੇ ਸ਼ਾਮ ਤੋਂ ਹੀ ਘਰੀਂ ਪਰਤ ਪੈਂਦੀਆਂ ਹਨ। ਇਸ ਤਰ੍ਹਾਂ ਹੋਲਾ ਮਹੱਲਾ ਜਿੱਥੇ ਖਾਲਸੇ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਹੈ, ਉੱਥੇ ਖਾਲਸਾਈ ਸ਼ਾਨ ਦੇ ਪ੍ਰਤੱਖ ਦਰਸ਼ਨ ਵੀ ਕਰਾਉਂਦਾ ਹੈ।

■

ਕਵਿਤਾ

# ੧੬ ਫਰਵਰੀ ਤੋਂ ੧੫ ਮਾਰਚ ਵਿਚਲੇ ਇਤਿਹਾਸਕ ਦਿਹਾੜ੍ਹੇ

*-ਸ. ਜਗਤਾਰ ਸਿੰਘ ਖੋਦੇਬੇਟ**

ਬਣੇ ਚਮਚੇ ਹਕੂਮਤ ਗੋਰੀ ਦੇ ਕਈ, ਹੱਲੇ ਧਰਮ 'ਤੇ ਸੀ ਮੁੜ-ਮੁੜ ਕਰੀ ਜਾਂਦੇ।
ਇਖਲਾਕ ਹੀਣੇ ਮਹੰਤ ਬੇਖੌਫ ਹੋ ਕੇ, ਗੁਰੂ ਘਰ ਬੈਠੇ ਕੁਕਰਮ ਸੀ ਕਰੀ ਜਾਂਦੇ।

ਧਰਮ ਰਿਹਾ ਨਾ ਇਨ੍ਹਾਂ ਦੇ ਵਿਚ ਕੋਈ, ਬਦਇਖਲਾਕੀਆਂ ਲੋਕ ਇਹ ਕਰੀ ਜਾਂਦੇ।
ਹੁੰਦੇ ਸੁਣ ਕੁਕਰਮ ਗੁਰੂ ਘਰਾਂ ਅੰਦਰ, ਵੇਖ ਖ਼ਾਲਸੇ ਕਿਵੇਂ ਇਹ ਜਰੀ ਜਾਂਦੇ।

ਨਨਕਾਣਾ ਜਨਮ ਅਸਥਾਨ ਗੁਰੂ ਨਾਨਕ ਜੀ ਦਾ, ਇਹ ਧਰਤੀ ਹੈ ਸਿੱਖਾਂ ਲਈ ਬਹੁਤ ਉੱਚੀ।
ਹਰ ਸਿੱਖ ਦਾ ਝੁਕਦਾ ਹੈ ਸਿਰ ਇਥੇ, ਇਸਦੀ ਫਿਜਾ 'ਚੋਂ ਆਉਂਦੀ ਖੁਸ਼ਬੋ ਸੁੱਚੀ।

ਗੁਰੂ-ਘਰ ਮਰਯਾਦਾ ਨਿਭਾਉਣ ਖਾਤਰ, ਸਿਰ-ਧੜ ਦੀ ਬਾਜ਼ੀ ਸਿੱਖ ਲਾ ਜਾਂਦੇ।
ਲੋੜ ਪੈ ਜਾਵੇ ਜੇ ਕੁਰਬਾਨੀਆਂ ਦੀ, ਹੱਸ ਹੱਸ ਸ਼ਹਾਦਤਾਂ ਪਾ ਜਾਂਦੇ।

ਨਾਰਾਇਣ ਦਾਸ ਮਹੰਤ ਨਨਕਾਣੇ ਦਾ ਸੀ, ਜਿਸ ਨੇ ਰੱਜ ਕੇ ਅੱਤ ਮਚਾਈ ਹੋਈ ਸੀ।
ਸ਼ਰਾਬੀ 'ਤੇ ਇਖਲਾਕ ਤੋਂ ਡਿੱਗੇ ਹੋਏ ਨੇ, ਗੁਰਮਤਿ ਵਿਰੋਧੀ ਹੀ ਰੀਤ ਚਲਾਈ ਹੋਈ ਸੀ।

ਗੁਰੂ ਘਰ ਦੀ ਮਰਯਾਦਾ ਹੈ ਕਾਇਮ ਰੱਖਣੀ, ਨਾਂ ਮਹੰਤ ਦੇ ਖ਼ਾਲਸੇ ਖ਼ਤ ਲਿਖਿਆ।
ਛੱਡ ਬੁਰਾਈਆਂ ਤੇ ਖੁਦ ਨੂੰ ਸੁਧਾਰ ਲੈ ਤੂੰ, ਗੁਰੂ ਆਸ਼ੇ ਅਨੁਸਾਰ ਸੀ ਲਿਖੀ ਸਿਖਿਆ।

ਖ਼ਾਲਸੇ ਲਿਖਿਆ ਪੈਗਾਮ ਮਹੰਤ ਨੂੰ ਜੋ, ਉਸ ਨੇ ਆਪਣੇ ਲਈ ਵੰਗਾਰ ਸਮਝੀ।
ਗੁੰਡੇ ਰੱਖ ਲਏ ਆਪਣੀ ਰੱਖਿਆ ਲਈ, ਖੜੀ ਪਿੱਠ ਦੇ ਉੱਤੇ ਸਰਕਾਰ ਸਮਝੀ।

ਬੈਠ ਆਗੂਆਂ ਇਕ ਵੀਚਾਰ ਕੀਤੀ, ਇਕ ਵਾਰ ਗਲ ਉਸ ਨੂੰ ਸਮਝਾਵਣੀ ਏਂ।
ਗੁਰੂ ਘਰ ਦੀ ਨਾ ਇੰਵ ਬਦਨਾਮੀ ਹੋਵੇ, ਗਲ ਉਸ ਦੇ ਪੱਲੇ ਇਹ ਪਾਵਣੀ ਏਂ।

ਵਰਜ ਆਵਾਂਗੇ ਉਸ ਨੂੰ ਬੁਰੇ ਕੰਮੋਂ, ਅਸੀਂ ਆਪਣਾ ਫਰਜ਼ ਨਿਭਾ ਲਵਾਂਗੇ।
ਗੁਰੂ ਘਰ ਦੀ ਧੂੜੀ ਨੂੰ ਲਾ ਮੱਥੇ, ਧਰਤ ਨਨਕਾਣੇ ਦੀ ਨੂੰ ਸਿਰ ਝੁਕਾ ਲਵਾਂਗੇ।

ਕਰਕੇ ਅਰਦਾਸ ਤੇ ਤੁਰ ਪਏ ਖਾਲਸਾ ਜੀ, ਧਰਤੀ ਨਨਕਾਣੇ ਦੀ ਜਾ ਪੈਰ ਪਾਇਆ।
ਅੰਮ੍ਰਿਤ ਵੇਲੇ ਗੁਰੂ ਘਰ ਸਿੰਘ ਪੁੱਜੇ, ਹੁਕਮਨਾਮਾ ਲੈ ਸੰਗਤ ਦਰਬਾਰ ਲਾਇਆ।

---

**ਪਿੰਡ ਖੋਦੇਬੇਟ, ਤਹਿਸੀਲ ਡੇਰਾ ਬਾਬਾ ਨਾਨਕ (ਗੁਰਦਾਸਪੁਰ)।*

ਸਾਕਾ ਵਰਤਿਆ ਧਰਤ ਨਨਕਾਣੇ ਦੀ 'ਤੇ, ਕਿਵੇਂ ਲਿਖਾਂ ਜੋ ਜ਼ੁਲਮ ਅਸਹਿ ਹੋਇਆ।
ਹੋਇਆ ਹੈਵਾਨੀਅਤ ਦਾ ਨੰਗਾ ਨਾਚ ਇਥੇ, ਤਕ ਤਕ ਕੇ ਧਰਤ ਅਸਮਾਨ ਰੋਇਆ।

ਗੁਰੂ ਘਰ ਵਿਚ ਹਰ ਜਸ ਕਰਦਿਆਂ ਨੂੰ, ਗੁੰਡੇ ਮਹੰਤ ਦੇ ਆਣ ਪੈ ਗਏ।
ਅਰਦਾਸ ਸ਼ਾਂਤੀ ਦੀ ਕਰਕੇ ਆਏ ਸੂਰੇ, ਜ਼ੁਲਮ ਹੱਸ ਕੇ ਸਬਰ ਦੇ ਨਾਲ ਸਹਿ ਗਏ।

ਚੱਲੀਆਂ ਗੋਲੀਆਂ, ਛਵੀਆਂ, ਟਕੂਏ, ਗੰਡਾਸੇ, ਫਰਸ਼ ਗੁਰੂ ਘਰ ਦਾ ਲਹੂ ਲੁਹਾਨ ਹੋਇਆ।
ਚਾਰੇ ਪਾਸੇ ਖਿਲਰੀਆਂ ਵੇਖ ਲਾਸ਼ਾਂ, ਪਸ਼ੂ ਪੰਛੀ ਸਮੇਤ ਜ਼ਰਾ ਜ਼ਰਾ ਰੋਇਆ।

ਭਾਈ ਲਛਮਣ ਸਿੰਘ ਜੋ ਸਹਿਕਦਾ ਸੀ, ਜੀਉਂਦੇ ਜੀਅ ਸਾੜਿਆ ਬੰਨ੍ਹ ਕੇ ਜੰਡ ਦੇ ਨਾਲ।
ਤੇਲ ਪਾ ਪਾ ਸਾੜੇ ਸੀ ਕਈ ਸੂਰੇ, ਜ਼ੁਲਮ ਸਹਿ ਗਏ ਡੋਲੇ ਨਹੀਂ ਗੁਰੂ ਦੇ ਲਾਲ।

ਪਾ ਸ਼ਹੀਦੀਆਂ ਧਰਮੀ ਪ੍ਰਵਾਨਿਆਂ ਨੇ, ਗੁਰੂ ਘਰ ਅਜ਼ਾਦ ਕਰਵਾ ਦਿੱਤਾ।
ਕੀਤੀ ਅਰਦਾਸ 'ਤੇ ਕਿੰਝ ਹੈ ਪਹਿਰਾ ਦੇਣਾ, ਪਾ ਸ਼ਹਾਦਤਾਂ ਸੱਚ ਸਮਝਾ ਦਿੱਤਾ। ■

# ਗੁਰਦੁਆਰਾ ਪ੍ਰਬੰਧਕਾਂ ਦੇ ਧਿਆਨ ਹਿਤ

## ੧੬ ਫਰਵਰੀ ਤੋਂ ੧੫ ਮਾਰਚ ਵਿਚਲੇ ਇਤਿਹਾਸਕ ਦਿਹਾੜੇ

## ੧੬ ਫਰਵਰੀ ਤੋਂ ੧੫ ਮਾਰਚ ਵਿਚਲੇ ਇਤਿਹਾਸਕ ਦਿਹਾੜੇ

ਬਿਜਲੀ ਦੇ ਸਰਕਟ ਸ਼ਾਰਟ ਹੋਣ ਕਾਰਨ ਅੱਗ ਲੱਗਣ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਅਗਨ-ਭੇਟ ਹੋ ਜਾਣ ਦੀਆਂ ਖ਼ਬਰਾਂ ਬਹੁਤ ਹੀ ਦੁਖਦਾਈ, ਚਿੰਤਾਜਨਕ ਤੇ ਹਿਰਦੇਵੇਧਕ ਹਨ। ਮਰਯਾਦਾ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ-ਸੰਭਾਲ ਤੇ ਅਦਬ-ਸਤਿਕਾਰ ਬਹਾਲ ਰੱਖਣ ਲਈ ਸਮੁੱਚੇ ਸਿੱਖ ਭਾਈਚਾਰੇ ਨੂੰ ਸੁਚੇਤ ਰਹਿਣਾ ਚਾਹੀਦਾ ਹੈ। ਅਜਿਹੀ ਕੋਈ ਮੰਦਭਾਗੀ ਘਟਨਾ ਨਾ ਵਾਪਰੇ, ਇਸ ਲਈ ਗੁਰਦੁਆਰਾ ਸਾਹਿਬ ਦੇ ਅੰਦਰ ਅਤੇ ਸੁਖ-ਆਸਨ ਅਸਥਾਨ ਵਿਚ ਧੂਫ਼, ਲਾਈਟਾਂ, ਪੱਖੇ ਅਤੇ ਬਿਜਲੀ ਦੀਆਂ ਸਜਾਵਟੀ ਲੜੀਆਂ ਉਦੋਂ ਤਕ ਹੀ ਜਗਾਈਆਂ ਜਾਣ, ਜਦ ਤਕ ਕੋਈ ਨਿਗਰਾਨ ਹਾਜ਼ਰ ਹੋਵੇ। ਗੁਰਦੁਆਰਾ ਸਾਹਿਬ ਦੇ ਕਿਵਾੜ ਬੰਦ ਕਰਨ ਸਮੇਂ ਧੂਫ਼/ਅਗਰਬੱਤੀ ਅਤੇ ਬਿਜਲੀ ਦਾ ਮੇਨ-ਸਵਿੱਚ ਆਦਿ ਬੰਦ ਕਰ ਦੇਣੇ ਚਾਹੀਦੇ ਹਨ। ਗੁਰਦੁਆਰਾ ਸਾਹਿਬ ਦੇ ਅੰਦਰ ਅਤੇ ਸੁਖ-ਆਸਨ ਅਸਥਾਨ ਦੀ ਬਿਜਲੀ ਦੀ ਸਮੁੱਚੀ ਫਿਟਿੰਗ ਤਸੱਲੀਬਖਸ਼ ਕੀਤੀ ਜਾਵੇ। ਜ਼ਿਆਦਾ ਗਰਮੀ ਅਤੇ ਤੇਜ਼ ਹਵਾਵਾਂ ਆਦਿ ਚੱਲਣ ਸਮੇਂ ਅਕਸਰ ਹੀ ਤਾਰਾਂ ਸ਼ਾਰਟ ਹੋ ਜਾਂਦੀਆਂ ਹਨ, ਇਸ ਲਈ ਗੁਰੂ-ਘਰਾਂ ਦੇ ਪ੍ਰਬੰਧਕ, ਗ੍ਰੰਥੀ ਸਿੰਘ ਅਤੇ ਸੇਵਾਦਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ-ਸਤਿਕਾਰ ਨੂੰ ਯਕੀਨੀ ਬਣਾਉਣ ਲਈ ਹਮੇਸ਼ਾਂ ਸੁਚੇਤ ਹੋ ਕੇ ਪਹਿਰੇਦਾਰੀ ਲਾਜ਼ਮੀ ਬਣਾਉਣ। ਹਰ ਗੁਰੂ-ਘਰ ਵਿਚ ਅੱਗ ਬੁਝਾਊ ਜੰਤਰ ਲਗਾਉਣ ਦਾ ਵਿਸ਼ੇਸ਼ ਪ੍ਰਬੰਧ ਕੀਤਾ ਜਾਵੇ। ਨਿਗਰਾਨੀ ਲਈ ਗੁਰੂ-ਘਰਾਂ ਵਿਚ ਸੀ.ਸੀ.ਟੀ.ਵੀ. ਕੈਮਰੇ ਵੀ ਲਗਾਏ ਜਾਣ।

*ਸਕੱਤਰ,*

*ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।*

# ਖ਼ਬਰਨਾਮਾ

## ੧੬ ਫਰਵਰੀ ਤੋਂ ੧੫ ਮਾਰਚ ਵਿਚਲੇ ਇਤਿਹਾਸਕ ਦਿਹਾੜੇ

## ੧੬ ਫਰਵਰੀ ਤੋਂ ੧੫ ਮਾਰਚ ਵਿਚਲੇ ਇਤਿਹਾਸਕ ਦਿਹਾੜੇ

## ੧੬ ਫਰਵਰੀ ਤੋਂ ੧੫ ਮਾਰਚ ਵਿਚਲੇ ਇਤਿਹਾਸਕ ਦਿਹਾੜੇ

ਅੰਮ੍ਰਿਤਸਰ - ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਭਾਈ ਗੋਬਿੰਦ ਸਿੰਘ ਲੌਂਗੋਵਾਲ ਦੀ ਅਗਵਾਈ ਵਿਚ ਇਥੇ ਸ਼੍ਰੋਮਣੀ ਕਮੇਟੀ ਦੇ ਮੁੱਖ ਦਫਤਰ ਵਿਖੇ ਹੋਈ ਇਕੱਤਰਤਾ ਵਿਚ ਵੱਖ-ਵੱਖ ਵਿਭਾਗਾਂ ਨਾਲ ਸਬੰਧਤ ਮਾਮਲਿਆਂ ਨੂੰ ਵਿਚਾਰਨ ਦੇ ਨਾਲ-ਨਾਲ ਇਸ ਵਰ੍ਹੇ ਦੀ ਧਰਮ ਪ੍ਰਚਾਰ ਲਹਿਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ੫੫੦ ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਨ ਦਾ ਫੈਸਲਾ ਕੀਤਾ ਗਿਆ। ਇਸ ਦੇ ਨਾਲ ਹੀ ਸਿੱਖ ਮਸਲਿਆਂ ਦੇ ਹੱਲ ਲਈ ਭਾਰਤ ਸਰਕਾਰ ਤਕ ਪਹੁੰਚ ਕਰਨ ਅਤੇ ਸ੍ਰੀ ਦਰਬਾਰ ਸਾਹਿਬ ਨਾਲ ਸਬੰਧਤ ਚੱਲ ਰਹੇ ਕਾਰਜਾਂ ਬਾਰੇ ਵੀ ਵਿਚਾਰ-ਵਟਾਂਦਰਾ ਕੀਤਾ ਗਿਆ।

ਇਕੱਤਰਤਾ ਤੋਂ ਬਾਅਦ ਪ੍ਰੈਸ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਦੱਸਿਆ ਕਿ ਪਹਿਲੇ ਪਾਤਸ਼ਾਹ ਦਾ ੫੫੦ਸਾਲਾ ਪ੍ਰਕਾਸ਼ ਪੁਰਬ ਜੋ ਸਾਲ ੨੦੧੯ ਵਿਚ ਆ ਰਿਹਾ ਹੈ, ਨੂੰ ਸਮਰਪਿਤ ਜਿੱਥੇ ਸ੍ਰੀ ਨਨਕਾਣਾ ਸਾਹਿਬ (ਪਾਕਿਸਤਾਨ), ਸੁਲਤਾਨਪੁਰ ਲੋਧੀ (ਕਪੂਰਥਲਾ), ਡੇਰਾ ਬਾਬਾ ਨਾਨਕ (ਗੁਰਦਾਸਪੁਰ) ਅਤੇ ਗੁਰਦੁਆਰਾ ਡੇਹਰਾ ਸਾਹਿਬ, ਲੁਹਾਰ (ਤਰਨ ਤਾਰਨ) ਵਿਖੇ ਵਿਸ਼ਾਲ ਸਮਾਗਮ ਕਰਵਾਏ ਜਾਣਗੇ ਉਥੇ ਹੀ ਇਸ ਵਰ੍ਹੇ ਦੀ ਧਰਮ ਪ੍ਰਚਾਰ ਲਹਿਰ ਵੀ ਪਹਿਲੇ ਪਾਤਸ਼ਾਹ ਜੀ ਦੇ ੫੫੦ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹੋਵੇਗੀ। ਉਨ੍ਹਾਂ ਦੱਸਿਆ ਕਿ ਇਸ ਸਬੰਧ ਵਿਚ ਸ਼੍ਰੋਮਣੀ ਕਮੇਟੀ ਵਿਸ਼ਾਲ ਪ੍ਰਬੰਧ ਕਰੇਗੀ ਅਤੇ ਕੌਮਾਂਤਰੀ ਪੱਧਰ 'ਤੇ ਸੰਗਤਾਂ ਦੀ ਸ਼ਮੂਲੀਅਤ ਨੂੰ ਯਕੀਨੀ ਬਣਾਉਣ ਲਈ ਵੀ ਵਿਉਂਤਬੰਦੀ ਕੀਤੀ ਜਾਵੇਗੀ। ਭਾਈ ਲੌਂਗੋਵਾਲ ਨੇ ਕਿਹਾ ਕਿ ਯਾਦਗਾਰ ਦੇ ਰੂਪ ਵਿਚ ਸੁਲਤਾਨਪੁਰ ਲੋਧੀ ਵਿਖੇ ਬਣਾਏ ਜਾਣ ਵਾਲੇ '੧ੴ ਮੂਲ ਮੰਤਰ' ਸਥਾਨ ਲਈ ਜ਼ਮੀਨ ਖਰੀਦ ਕਰਨ ਦਾ ਵੀ ਫੈਸਲਾ ਕੀਤਾ ਗਿਆ ਹੈ ਅਤੇ ਇਸ ਯਾਦਗਾਰ ਦਾ ਕੰਮ ਜਲਦ ਆਰੰਭ ਕਰ ਦਿੱਤਾ ਜਾਵੇਗਾ।

ਇਕੱਤਰਤਾ ਦੌਰਾਨ ਲਏ ਗਏ ਹੋਰ ਫੈਸਲਿਆਂ ਬਾਰੇ ਭਾਈ ਲੌਂਗੋਵਾਲ ਨੇ ਦੱਸਿਆ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਨਾਲ ਸਬੰਧਤ ਚੱਲ ਰਹੇ ਕਾਰਜਾਂ ਨੂੰ ਜਲਦ ਮੁਕੰਮਲ ਕੀਤਾ ਜਾਵੇਗਾ ਅਤੇ ਇਸ ਸਬੰਧ ਵਿਚ ਇਕ ਕਮੇਟੀ ਗਠਤ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਿੱਖ ਮਸਲਿਆਂ ਦੇ ਹੱਲ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਸ੍ਰੀ ਰਾਜਨਾਥ ਸਿੰਘ ਨੂੰ ਮਿਲਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਕੰਮ ਕਾਜ ਵਿਚ ਪਾਰਦਰਸ਼ਤਾ ਲਿਆਉਣ ਲਈ ਇੱਕ ਸਬ-ਕਮੇਟੀ ਬਣਾਈ ਗਈ ਹੈ ਅਤੇ ਲੋੜ ਅਨੁਸਾਰ ਨਿਯੁਕਤੀਆਂ ਅਤੇ ਤਰੱਕੀਆਂ ਲਈ ਵੀ ਇੱਕ ਨੀਤੀ ਤਿਆਰ ਕੀਤੀ ਜਾਵੇਗੀ। ਉਨ੍ਹਾਂ ਇਹ ਵੀ ਦੱਸਿਆ ਕਿ ਪਿਛਲੇ ਸਮੇਂ ਦੌਰਾਨ ਹੋਈਆਂ ਨਿਯੁਕਤੀਆਂ ਸਬੰਧੀ ਬਣਾਈ ਗਈ ਸਬ-ਕਮੇਟੀ ਵੱਲੋਂ ਅਗਲੇ ਕੁਝ ਦਿਨਾਂ ਵਿਚ ਪੜਤਾਲ ਮੁਕੰਮਲ ਹੋਣ ਉਪਰੰਤ ਅਗਲੀ ਕਾਰਵਾਈ ਕੀਤੀ ਜਾਵੇਗੀ। ਇਸ ਦੌਰਾਨ ਭਾਈ ਲੌਂਗੋਵਾਲ ਨੇ ਕਿਹਾ ਕਿ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਸ਼੍ਰੋਮਣੀ ਕਮੇਟੀ ਵੱਲੋਂ ਭੇਜੇ ਜਾਣ ਵਾਲੇ ਜੱਥਿਆਂ ਦੀ ਸੂਚੀ ਵਿਚ ਕਟੌਤੀ ਨਹੀਂ ਕੀਤੀ ਜਾਣੀ ਚਾਹੀਦੀ ਅਤੇ ਸੂਚੀ ਵਿਚ ਸ਼ਾਮਲ ਸਾਰੇ ਹੀ ਸ਼ਰਧਾਲੂਆਂ ਨੂੰ ਵੀਜ਼ੇ ਜਾਰੀ ਕੀਤੇ ਜਾਣੇ ਚਾਹੀਦੇ ਹਨ।

ਇਕੱਤਰਤਾ ਵਿਚ ਇੱਕ ਮਤੇ ਰਾਹੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਅਪੀਲ ਕੀਤੀ ਗਈ ਕਿ ਵਰਤਮਾਨ ਸਮੇਂ ਵਿਚ ਸਿੱਖ ਕਿਰਦਾਰ ਨੂੰ ਪਹਿਲਾਂ ਦੀ ਤਰ੍ਹਾਂ ਚਰਮ ਸੀਮਾਂ 'ਤੇ ਪਹੁੰਚਾਉਣ ਲਈ ਉਹ ਵਿਸ਼ੇਸ਼ ਯਤਨ ਕਰਨ ਅਤੇ ਸਿੱਖ ਕਿਰਦਾਰ ਨੂੰ ਢਾਅ ਲਾਉਣ ਵਾਲੇ ਲੋਕਾਂ ਵਿਰੁੱਧ ਬਣਦੀ ਕਾਰਵਾਈ ਵੀ ਕੀਤੀ ਜਾਵੇ। ਮਤੇ ਵਿਚ

ਕਿਹਾ ਗਿਆ ਕਿ ਬੀਤੇ ਕੁਝ ਸਮੇਂ ਵਿਚ ਕੁਝ ਸਿੱਖ ਆਗੂਆਂ ਵੱਲੋਂ ਕੀਤੀ ਗਈ ਅਨੈਤਿਕ ਕਾਰਵਾਈ ਕਾਰਨ ਸਿੱਖ ਕਿਰਦਾਰ ਨੂੰ ਢਾਅ ਲੱਗੀ ਹੈ ਅਤੇ ਨੌਜੁਆਨਾਂ ਤੇ ਬੱਚਿਆਂ ਦੀ ਮਾਨਸਿਕਤਾ 'ਤੇ ਵੀ ਬੁਰਾ ਅਸਰ ਪਿਆ ਹੈ। ਇਤਿਹਾਸ ਅੰਦਰ ਸਿੱਖਾਂ ਦੇ ਕਿਰਦਾਰ ਦੀ ਮਜ਼ਬੂਤੀ ਦੀਆਂ ਉਦਾਹਰਨਾਂ ਅਤੇ ਉੱਚ ਨੈਤਿਕ ਗੁਣਾਂ ਕਾਰਨ ਪੂਰੀ ਦੁਨੀਆਂ ਅੰਦਰ ਸਿੱਖਾਂ ਦੀ ਵਿਲੱਖਣ ਸ਼ਾਨ ਸਥਾਪਤ ਹੋਈ ਸੀ, ਪਰੰਤੂ ਵਾਪਰੀਆਂ ਘਟਨਾਵਾਂ ਨੇ ਸਮੁੱਚੀ ਕੌਮ ਨੂੰ ਸੋਚਣ ਲਈ ਮਜ਼ਬੂਰ ਕਰ ਦਿੱਤਾ ਹੈ। ਇਸ ਤੋਂ ਇਲਾਵਾ ਅੰਤ੍ਰਿੰਗ ਕਮੇਟੀ ਵੱਲੋਂ ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਦੇ ਮਹਿੰਗਾਈ ਭੱਤੇ ਵਿਚ ੬% ਵਾਧਾ ਕਰਨ ਨੂੰ ਵੀ ਪ੍ਰਵਾਨਗੀ ਦਿਤੀ ਗਈ।

ਇਸ ਮੌਕੇ ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਕਰਨਾਲ, ਜੂਨੀਅਰ ਮੀਤ ਪ੍ਰਧਾਨ ਸ. ਹਰਪਾਲ ਸਿੰਘ ਜੱਲ੍ਹਾ, ਜਨਰਲ ਸਕੱਤਰ ਸ. ਗੁਰਬਚਨ ਸਿੰਘ ਕਰਮੂੰਵਾਲਾ, ਅੰਤ੍ਰਿੰਗ ਕਮੇਟੀ ਮੈਂਬਰ ਸ. ਸੱਜਣ ਸਿੰਘ ਬੱਜੂਮਾਨ, ਸ. ਨਵਤੇਜ ਸਿੰਘ ਕਾਉਣੀ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਸ. ਲਖਬੀਰ ਸਿੰਘ ਅਰਾਈਆਂਵਾਲਾ, ਸ. ਗੁਰਮੀਤ ਸਿੰਘ ਬੂਹ, ਬੀਬੀ ਗੁਰਪ੍ਰੀਤ ਕੌਰ ਕਪੂਰਥਲਾ, ਸ. ਗੁਰਤੇਜ ਸਿੰਘ ਢੱਡੇ, ਸ. ਹਰਦੇਵ ਸਿੰਘ ਰੋਗਲਾ ਤੇ ਸ. ਅਮਰੀਕ ਸਿੰਘ ਸ਼ਾਹਪੁਰ, ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ, ਸਕੱਤਰ ਸ. ਮਨਜੀਤ ਸਿੰਘ, ਸ. ਅਵਤਾਰ ਸਿੰਘ ਸੈਂਪਲਾ ਤੇ ਐਡੀਸ਼ਨਲ ਸਕੱਤਰ ਸ. ਦਿਲਜੀਤ ਸਿੰਘ ਬੇਦੀ, ਸ. ਬਿਜੈ ਸਿੰਘ ਤੇ ਸ. ਪ੍ਰਤਾਪ ਸਿੰਘ, ਸ਼੍ਰੋਮਣੀ ਕਮੇਟੀ ਪ੍ਰਧਾਨ ਦੇ ਨਿੱਜੀ ਸਹਾਇਕ ਸ. ਜਗਜੀਤ ਸਿੰਘ ਜੱਗੀ, ਸਹਾਇਕ ਸੁਪ੍ਰਿੰਟੈਂਡੈਂਟ ਸ. ਮਲਕੀਤ ਸਿੰਘ ਬਹਿੜਵਾਲ ਆਦਿ ਹਾਜ਼ਰ ਸਨ। ੧੯ ਜਨਵਰੀ

# ੧੬ ਫਰਵਰੀ ਤੋਂ ੧੫ ਮਾਰਚ ਵਿਚਲੇ ਇਤਿਹਾਸਕ ਦਿਹਾੜੇ

੧੬ ਫਰਵਰੀ ਤੋਂ ੧੫ ਮਾਰਚ ਵਿਚਲੇ ਇਤਿਹਾਸਕ ਦਿਹਾੜੇ

ਅੰਮ੍ਰਿਤਸਰ, – ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਸਾਹਿਤ ਨੂੰ ਵੱਧ ਤੋਂ ਵੱਧ ਪਾਠਕਾਂ ਤੱਕ ਪਹੁੰਚਾਉਣ ਦੇ ਮੱਦੇਨਜ਼ਰ ਦਿੱਲੀ ਦੇ ਪ੍ਰਗਤੀ ਮੈਦਾਨ ਵਿਚ ਚੱਲ ਰਹੇ ਵਿਸ਼ਵ ਪੁਸਤਕ ਮੇਲੇ ਵਿਚ ਸ਼ਿਰਕਤ ਕੀਤੀ ਗਈ ਹੈ। ਬੀਤੇ ਕੱਲ੍ਹ ਆਰੰਭ ਹੋਏ ਇਸ ਪੁਸਤਕ ਮੇਲੇ ਵਿਚ ਸ਼੍ਰੋਮਣੀ ਕਮੇਟੀ ਲਗਾਏ ਗਏ ਸਟਾਲ ਦੀ ਆਰੰਭਤਾ ਅਰਦਾਸ ਨਾਲ ਕੀਤੀ ਗਈ। ਇਸ ਬਾਰੇ ਸ਼੍ਰੋਮਣੀ ਕਮੇਟੀ ਦੇ ਬੁਲਾਰੇ ਸ. ਦਿਲਜੀਤ ਸਿੰਘ ਬੇਦੀ ਨੇ ਦੱਸਿਆ ਕਿ ਪੁਸਤਕ ਮੇਲੇ ਵਿਚ ਸ਼੍ਰੋਮਣੀ ਕਮੇਟੀ ਦੁਆਰਾ ਪ੍ਰਕਾਸ਼ਿਤ ਗੁਰਬਾਣੀ ਦੀਆਂ ਪੋਥੀਆਂ, ਨਿੱਤਨੇਮ ਦੇ ਗੁਟਕੇ, ਗੁਰਬਾਣੀ ਸ਼ਬਦਾਰਥ, ਸਿੱਖ ਇਤਿਹਾਸ ਅਤੇ ਸਿੱਖ ਸਿਧਾਂਤਾਂ ਆਦਿ ਸਬੰਧੀ ਪੁਸਤਕਾਂ ਪਾਠਕਾਂ ਲਈ ਉਪਲਬਧ ਕਰਵਾਈਆਂ ਗਈਆਂ ਹਨ। ਉਨ੍ਹਾਂ ਇਹ ਵੀ ਜਾਣਕਾਰੀ ਦਿੱਤੀ ਕਿ ਸ਼੍ਰੋਮਣੀ ਕਮੇਟੀ ਵੱਲੋਂ ਲਗਾਏ ਗਏ ਸਟਾਲ ਤੋਂ ਜਿਥੇ ਸ਼੍ਰੋਮਣੀ ਕਮੇਟੀ, ਧਰਮ ਪ੍ਰਚਾਰ ਕਮੇਟੀ ਅਤੇ ਸਿੱਖ ਇਤਿਹਾਸ ਰੀਸਰਚ ਬੋਰਡ ਦੀਆਂ ਬਹੁਤ ਘੱਟ ਕੀਮਤਾਂ ਦੀਆਂ ਪੁਸਤਕਾਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ, ਉਥੇ ਹੀ ਭੇਟਾ ਰਹਿਤ ਕਿਤਾਬਚੇ ਵੀ ਵੰਡੇ ਜਾ ਰਹੇ ਹਨ। ਸ. ਬੇਦੀ ਅਨੁਸਾਰ ਧਾਰਮਿਕ ਸਾਹਿਤ ਦੇ ਪਾਠਕ ਪੁਸਤਕ ਮੇਲੇ ਵਿਚ ਹਾਲ ਨੰਬਰ ੧੨ ਤੇ ੧੨-ਏ ਦੇ ਸਟਾਲ ਨੰਬਰ ੧੭੦-੧੭੧ 'ਤੇ ਪਹੁੰਚ ਕੇ ਗੁਰਮਤਿ ਸਾਹਿਤ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਦਿੱਲੀ ਸਿੱਖ ਮਿਸ਼ਨ ਦੇ ਇੰਚਾਰਜ ਭਾਈ ਸੁਰਿੰਦਰਪਾਲ ਸਿੰਘ ਸਮਾਣਾ ਸਮੇਤ ਸ. ਭੁਪਿੰਦਰ ਸਿੰਘ ਸੁਪਰਵਾਈਜਰ, ਸ. ਹਰਜੀਤ ਸਿੰਘ, ਸ. ਦਿਲਪ੍ਰੀਤ ਸਿੰਘ, ਸ. ਸ਼ਰਧਾ ਸਿੰਘ, ਸ. ਬਾਜ਼ ਸਿੰਘ, ਸ. ਜਸਕਰਨ ਸਿੰਘ ,ਭਾਈ ਜੀਵਨਜੀਤ ਸਿੰਘ ਅਤੇ ਸ.ਮੁਖਤਾਰ ਸਿੰਘ, ਸ.ਗੁਰਬਿੰਦਰ ਸਿੰਘ, ਸ.ਰਘਬੀਰ ਸਿੰਘ ਤੇ ਨਰਿੰਦਰ ਸਿੰਘ ਆਦਿ ਪੁਸਤਕ ਮੇਲੇ ਵਿਚ ਸ਼੍ਰੋਮਣੀ ਕਮੇਟੀ ਦੇ ਸਟਾਲ ਤੇ ਸੇਵਾ ਨਿਭਾਅ ਰਹੇ ਹਨ। ੭ ਜਨਵਰੀ

੧੬ ਫਰਵਰੀ ਤੋਂ ੧੫ ਮਾਰਚ ਵਿਚਲੇ ਇਤਿਹਾਸਕ ਦਿਹਾੜੇ

੧੬ ਫਰਵਰੀ ਤੋਂ ੧੫ ਮਾਰਚ ਵਿਚਲੇ ਇਤਿਹਾਸਕ ਦਿਹਾੜੇ

ਅੰਮ੍ਰਿਤਸਰ – ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਜਿੱਥੇ ੧੯੮੪ ਵਿਚ ਹੋਏ ਸਿੱਖ ਕਤਲੇਆਮ ਦੇ ਬੰਦ ਕੀਤੇ ਗਏ ੧੮੬ ਕੇਸਾਂ ਦੀ ਮਾਨਯੋਗ ਸੁਪਰੀਮ ਕੋਰਟ ਵੱਲੋਂ ਨਵੇਂ

ਸਿਰਿਓਂ ਜਾਂਚ ਕਰਨ ਦੇ ਫੈਸਲੇ ਦਾ ਸਵਾਗਤ ਕੀਤਾ ਉਥੇ ਹੀ ਸਿੱਖਾਂ ਨੂੰ ਕਈ ਦਹਾਕੇ ਬੀਤ ਜਾਣ 'ਤੇ ਵੀ ਇਨਸਾਫ ਨਾ ਮਿਲਣ ਲਈ ਅਫਸੋਸ ਵੀ ਜ਼ਾਹਰ ਕੀਤਾ। ਉਨ੍ਹਾਂ ਕਿਹਾ ਕਿ ਮਾਨਯੋਗ ਸੁਪਰੀਮ ਕੋਰਟ ਦੇ ਇਸ ਫੈਸਲੇ ਨਾਲ ਸਿੱਖਾਂ ਨੂੰ ਇਨਸਾਫ ਮਿਲਣ ਦੀ ਆਸ ਜ਼ਰੂਰ ਬੱਝੀ ਹੈ ਪਰੰਤੂ ਇਨਸਾਫ ਵਿਚ ਹੋਰ ਦੇਰੀ ਨਹੀਂ ਹੋਣੀ ਚਾਹੀਦੀ। ਉਨ੍ਹਾਂ ਕਿਹਾ ਕਿ ਸਮੇਂ-ਸਮੇਂ ਸਰਕਾਰਾਂ ਵੱਲੋਂ ਵੱਖ-ਵੱਖ ਜਾਂਚ ਕਮਿਸ਼ਨ ਬਣਾਏ ਜਾਂਦੇ ਰਹੇ ਹਨ ਅਤੇ ਨਵੇਂ ਬਣੇ ਕਮਿਸ਼ਨ ਵੱਲੋਂ ਪਿਛਲੇ ਕਮਿਸ਼ਨ ਦੀ ਕੀਤੀ ਜਾਂਚ ਨੂੰ ਦੁਬਾਰਾ ਨਵੇਂ ਸਿਰਿਓ ਕਰਨ ਵਿਚ ਲੰਮਾ ਸਮਾਂ ਲੰਘਾ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸਿੱਖ ਪਿਛਲੇ ੩੩ ਸਾਲਾਂ ਤੋਂ ਇਨਸਾਫ ਲੈਣ ਲਈ ਅਦਾਲਤਾਂ ਉਪਰ ਆਸ ਲਗਾਈ ਬੈਠੇ ਹਨ, ਜਿਨ੍ਹਾਂ ਵਿਚੋਂ ਕਈ ਤਾਂ ਇਨਸਾਫ ਦੀ ਉਡੀਕ ਵਿਚ ਪ੍ਰਾਣ ਵੀ ਤਿਆਗ ਚੁੱਕੇ ਹਨ। ਭਾਈ ਲੌਂਗੋਵਾਲ ਨੇ ਕਿਹਾ ਕਿ ਇਸ ਕਤਲੇਆਮ ਵਿਚ ਸ਼ਾਮਲ ਲੋਕਾਂ ਦੇ ਨਾਮ ਜਗਜਾਹਰ ਹਨ ਪਰ ਇਸਦੇ ਬਾਵਜੂਦ ਵੀ ਦੋਸ਼ੀ ਸਾਲਾਂ ਤੋਂ ਆਜ਼ਾਦ ਘੁੰਮ ਰਹੇ ਹਨ। ਉਨ੍ਹਾਂ ਕਿਹਾ ਕਿ ਅਸੀਂ ਭਾਰਤ ਸਰਕਾਰ ਤੇ ਮਾਨਯੋਗ ਸੁਪਰੀਮ ਕੋਰਟ ਤੋਂ ਮੰਗ ਕਰਦੇ ਹਾਂ ਕਿ ਪੀੜ੍ਹਤ ਸਿੱਖਾਂ ਨੂੰ ਜਲਦ ਤੋਂ ਜਲਦ ਇਨਸਾਫ ਦਿੱਤਾ ਜਾਵੇ।੧੧ ਜਨਵਰੀ

## ੧੬ ਫਰਵਰੀ ਤੋਂ ੧੫ ਮਾਰਚ ਵਿੱਚਲੇ ਇਤਿਹਾਸਕ ਦਿਹਾੜ੍ਹੇ

## ੧੬ ਫਰਵਰੀ ਤੋਂ ੧੫ ਮਾਰਚ ਵਿੱਚਲੇ ਇਤਿਹਾਸਕ ਦਿਹਾੜ੍ਹੇ

ਅੰਮ੍ਰਿਤਸਰ, - ਕੈਨੇਡਾ ਤੋਂ ਆਪਣੇ ਵਪਾਰਕ ਦੌਰੇ 'ਤੇ ਭਾਰਤ ਪਹੁੰਚੇ ਇੰਡੋ-ਕੈਨੇਡਾ ਚੈਂਬਰ ਆਫ ਕਾਮਰਸ ਦੇ ਇੱਕ ਵਫਦ ਦੇ ਮੈਂਬਰਾਂ ਨੇ ਅੱਜ ਰੂਹਾਨੀਅਤ ਦੇ ਸੋਮੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਸ਼ਰਧਾ ਭਾਵਨਾ ਦਾ ਪ੍ਰਗਟਾਵਾ ਕੀਤਾ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਤੋਂ ਬਾਅਦ ਵਫਦ ਦੇ ਮੈਂਬਰ ਜਿਨ੍ਹਾਂ ਵਿਚ ਸ. ਜਗਦੀਸ਼ ਸਿੰਘ ਗਰੇਵਾਲ, ਸ. ਮੇਜਰ ਸਿੰਘ ਨੱਤ ਸਮੇਤ ਹੋਰ ਹਾਜ਼ਰ ਸਨ ਨੂੰ ਸ੍ਰੀ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਧੀਕ ਸਕੱਤਰ ਸ. ਦਿਲਜੀਤ ਸਿੰਘ ਬੇਦੀ ਅਤੇ ਸ੍ਰੀ ਦਰਬਾਰ ਸਾਹਿਬ ਦੇ ਐਡੀਸ਼ਨਲ ਮੈਨੇਜਰ ਸ. ਸੁਖਬੀਰ ਸਿੰਘ ਨੇ ਸਿਰੋਪਾਓ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ ਦੇ ਕੇ ਸਨਮਾਨਿਤ ਕੀਤਾ।

ਇਸ ਮੌਕੇ ਸ. ਜਗਦੀਸ਼ ਸਿੰਘ ਗਰੇਵਾਲ ਨੇ ਕਿਹਾ ਕਿ ਵਿਦੇਸ਼ਾਂ ਵਿਚ ਵੱਸਦੇ ਸਿੱਖ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਪ੍ਰਤੀ ਅਥਾਹ ਸ਼ਰਧਾ ਰੱਖਦੇ ਹਨ ਅਤੇ ਜਦੋਂ ਵੀ ਉਹ ਭਾਰਤ ਆਉਂਦੇ ਹਨ ਤਾਂ ਇਸ ਪਾਵਨ ਅਸਥਾਨ ਦੇ ਦਰਸ਼ਨ ਕਰਕੇ ਆਪਣੇ ਆਪ ਨੂੰ ਵਡਭਾਗਾ ਸਮਝਦੇ ਹਨ। ਉਨ੍ਹਾਂ ਕਿਹਾ ਕਿ ਸਿੱਖ ਕੌਮ ਨੇ ਆਪਣੀ ਮਿਹਨਤ ਤੇ ਲਿਆਕਤ ਨਾਲ ਪੂਰੀ ਦੁਨੀਆ ਅੰਦਰ ਵਿਸ਼ੇਸ਼ ਮੁਕਾਮ ਹਾਸਲ ਕੀਤੇ ਹਨ, ਜੋ ਵੱਡੇ ਮਾਣ ਦੀ ਗੱਲ ਹੈ। ਉਨ੍ਹਾਂ ਸਨਮਾਨ ਦੇਣ ਲਈ ਸ਼੍ਰੋਮਣੀ ਕਮੇਟੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਿੱਖਾਂ ਦੀ ਇਹ ਮਾਣਮੱਤੀ ਸੰਸਥਾ ਕੌਮ ਦੇ ਸੰਗਠਨ ਲਈ ਹਮੇਸ਼ਾ ਹੀ ਕਾਰਜਸ਼ੀਲ ਰਹੀ ਹੈ ਅਤੇ ਧਰਮ ਪ੍ਰਚਾਰ ਦੇ ਨਾਲ ਨਾਲ, ਵਿਦਿਅਕ ਅਤੇ ਲੋਕ ਭਲਾਈ ਦੇ ਕਾਰਜਾਂ ਵਿਚ ਇਸ ਨੇ ਜ਼ਿਕਰਯੋਗ ਹਿੱਸਾ ਪਾਇਆ ਹੈ। ਦੱਸਣਾ ਬਣਦਾ ਹੈ ਕਿ ਸ. ਗਰੇਵਾਲ ਕੈਨੇਡਾ ਵਿਖੇ ਸੀ.ਪੀ. ਮੀਡੀਆ ਗਰੁੱਪ ਦੇ ਮੈਨੇਜਿੰਗ ਡਾਇਰੈਕਟਰ ਹਨ, ਜੋ ਇੱਕ ਪੰਜਾਬੀ ਅਖਬਾਰ ਦੇ ਨਾਲ-ਨਾਲ ਰੇਡੀਓ ਵੀ ਚਲਾ ਰਹੇ ਹਨ। ਇਸ ਮੌਕੇ ਸ. ਮਨਮੋਹਨ ਸਿੰਘ ਖੇੜਾ, ਸੂਚਨਾ ਅਧਿਕਾਰੀ ਸ. ਹਰਪ੍ਰੀਤ ਸਿੰਘ, ਸ. ਜਗਤਾਰ ਸਿੰਘ ਖੋਦੇਬੇਟ ਆਦਿ ਵੀ ਮੌਜੂਦ ਸਨ। ੧੪ ਜਨਵਰੀ

## ੧੬ ਫਰਵਰੀ ਤੋਂ ੧੫ ਮਾਰਚ ਵਿੱਚਲੇ ਇਤਿਹਾਸਕ ਦਿਹਾੜ੍ਹੇ

## ੧੬ ਫਰਵਰੀ ਤੋਂ ੧੫ ਮਾਰਚ ਵਿੱਚਲੇ ਇਤਿਹਾਸਕ ਦਿਹਾੜ੍ਹੇ

### ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਨੇ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਕੀਤੀ ਸ਼ੋਕ ਇਕੱਤਰਤਾ

ਅੰਮ੍ਰਿਤਸਰ - ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਮੁੱਖ ਸਕੱਤਰ ਅਤੇ ਸਾਬਕਾ ਕੈਬਨਿਟ ਮੰਤਰੀ ਸ. ਮਨਜੀਤ ਸਿੰਘ ਕਲਕੱਤਾ ਦੇ ਅਕਾਲ ਚਲਾਣੇ 'ਤੇ

ਗਹਿਰੇ ਅਫਸੋਸ ਦਾ ਪ੍ਰਗਟਾਵਾ ਕੀਤਾ ਹੈ। ਦਫਤਰ ਸ਼੍ਰੋਮਣੀ ਕਮੇਟੀ ਤੋਂ ਜਾਰੀ ਇੱਕ ਪ੍ਰੈਸ ਬਿਆਨ ਰਾਹੀਂ ਭਾਈ ਲੌਂਗੋਵਾਲ ਨੇ ਕਿਹਾ ਕਿ ਸ. ਕਲਕੱਤਾ ਵੱਲੋਂ ਲੰਮਾ ਸਮਾਂ ਸ਼੍ਰੋਮਣੀ ਕਮੇਟੀ ਦੇ ਸਕੱਤਰ ਵਜੋਂ ਨਿਭਾਈਆਂ ਗਈਆਂ ਜ਼ਿਕਰਯੋਗ ਸੇਵਾਵਾਂ ਸਦਾ ਯਾਦ ਰਹਿਣਗੀਆਂ। ਸ. ਕਲਕੱਤਾ ਇੱਕ ਪ੍ਰਸਿੱਧ ਸਿੱਖ ਸ਼ਖਸੀਅਤ ਸਨ, ਜਿਨ੍ਹਾਂ ਨੇ ਪੰਜਾਬ ਸਰਕਾਰ ਤੇ ਸ਼੍ਰੋਮਣੀ ਕਮੇਟੀ ਤੋਂ ਇਲਾਵਾ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਵਜੋਂ ਵੀ ਸੇਵਾ ਨਿਭਾਈ। ਸ. ਕਲਕੱਤਾ ਵੱਲੋਂ ਸਿੱਖ ਸਟੂਡੈਂਟ ਫੈਡਰੇਸ਼ਨ ਵਿਚ ਸਰਗਰਮ ਆਗੂ ਵਜੋਂ ਲੰਮਾ ਸਮਾਂ ਨਿਭਾਈ ਭੂਮਿਕਾ ਨੂੰ ਵੀ ਹਮੇਸ਼ਾ ਯਾਦ ਰੱਖਿਆ ਜਾਵੇਗਾ। ਭਾਈ ਲੌਂਗੋਵਾਲ ਨੇ ਸ. ਮਨਜੀਤ ਸਿੰਘ ਕਲਕੱਤਾ ਦੇ ਅਕਾਲ ਚਲਾਣੇ ਨੂੰ ਇੱਕ ਵੱਡਾ ਘਾਟਾ ਦੱਸਿਆ ਅਤੇ ਕਿਹਾ ਕਿ ਕੌਮ ਇੱਕ ਸਿੱਖ ਵਿਦਵਾਨ ਤੋਂ ਵਾਂਝੀ ਹੋ ਗਈ ਹੈ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ, ਸਕੱਤਰ ਸ. ਮਨਜੀਤ ਸਿੰਘ ਤੇ ਸ. ਅਵਤਾਰ ਸਿੰਘ ਸੈਂਪਲਾ, ਵਧੀਕ ਸਕੱਤਰ ਸ. ਦਿਲਜੀਤ ਸਿੰਘ ਬੇਦੀ ਤੇ ਸ. ਜਗਜੀਤ ਸਿੰਘ ਜੱਗੀ ਨਿੱਜੀ ਸਹਾਇਕ ਨੇ ਵੀ ਸ. ਕਲਕੱਤਾ ਦੇ ਚਲਾਣੇ 'ਤੇ ਗਹਿਰਾ ਅਫਸੋਸ ਪ੍ਰਗਟ ਕੀਤਾ ਹੈ।

ਸ. ਮਨਜੀਤ ਸਿੰਘ ਕਲਕੱਤਾ ਦੇ ਅਕਾਲ ਚਲਾਣੇ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਮੂਹ ਮੁਲਾਜ਼ਮਾਂ ਵੱਲੋਂ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਇੱਕ ਸ਼ੋਕ ਇਕੱਤਰਤਾ ਕੀਤੀ ਗਈ। ਇਸ ਮੌਕੇ ਮੂਲ ਮੰਤਰ ਤੇ ਗੁਰਮੰਤਰ ਦੇ ਜਾਪ ਤੋਂ ਬਾਅਦ ਵਿਛੜੀ ਆਤਮਾ ਨਮਿੱਤ ਅਰਦਾਸ ਕੀਤੀ ਗਈ। ਸ਼ੋਕ ਇਕੱਤਰਤਾ ਦੌਰਾਨ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਸ. ਕਲਕੱਤਾ ਦੀਆਂ ਪੰਥਕ ਸੇਵਾਵਾਂ ਨੂੰ ਯਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੇ ੧੯੮੪ ਤੋਂ ਬਾਅਦ ਬਿਖੜੇ ਸਮੇਂ ਵਿਚ ਸ਼੍ਰੋਮਣੀ ਕਮੇਟੀ ਦੀ ਪੰਥਕ ਭਾਵਨਾ ਨਾਲ ਮਿਸਾਲੀ ਪ੍ਰਬੰਧਕੀ ਸੇਵਾ ਨਿਭਾਈ। ਉਹ ਸਿੱਖ ਸਿਧਾਂਤਾਂ ਨੂੰ ਪ੍ਰਣਾਏ ਹੋਏ ਪੰਥਕ ਆਗੂ ਹੋਣ ਦੇ ਨਾਲ ਨਾਲ ਪ੍ਰਸਿੱਧ ਪੰਥਕ ਲੇਖਕ ਵੀ ਸਨ ਅਤੇ ਉਨ੍ਹਾਂ ਦੀਆਂ ਲਿਖਤਾਂ ਕੌਮ ਨੂੰ ਵਡਮੁੱਲੀ ਸੇਧ ਦੇਣ ਵਾਲੀਆਂ ਹਨ। ਡਾ. ਰੂਪ ਸਿੰਘ ਨੇ ਸ. ਕਲਕੱਤਾ ਦੀ ਪ੍ਰਬੰਧਕੀ ਯੋਗਤਾ ਬਾਰੇ ਜ਼ਿਕਰ ਕਰਦਿਆਂ ਕਿਹਾ ਕਿ ਉਹ ਫੈਸਲੇ ਲੈਣ ਪ੍ਰਤੀ ਦ੍ਰਿੜ੍ਹ ਹੋਣ ਦੇ ਨਾਲ ਨਾਲ ਵੱਖ-ਵੱਖ ਸਿੱਖ ਸੰਸਥਾਵਾਂ ਨਾਲ ਪਿਆਰ ਭਾਵਨਾ ਨਾਲ ਵਿਚਰਨ ਦੇ ਹਿਮਾਇਤੀ ਸਨ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਮਨਜੀਤ ਸਿੰਘ ਚੀਮਾਬਾਠ, ਵਧੀਕ ਸਕੱਤਰ ਸ. ਬਲਵਿੰਦਰ ਸਿੰਘ ਜੌੜਾਸਿੰਘਾ ਤੇ ਸ. ਸੁਖਦੇਵ ਸਿੰਘ ਭੂਰਾ ਕੋਹਨਾ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਰਾਮ ਸਿੰਘ ਨੇ ਵੀ ਸ. ਮਨਜੀਤ ਸਿੰਘ ਕਲਕੱਤਾ ਦੇ ਜੀਵਨ ਤੇ ਸੇਵਾਵਾਂ ਨੂੰ ਯਾਦ ਕਰਦਿਆਂ ਉਨ੍ਹਾਂ ਦੇ ਚਲਾਣੇ ਨੂੰ ਪੰਥ ਲਈ ਵੱਡਾ ਘਾਟਾ ਦੱਸਿਆ। ਸ. ਕਲਕੱਤਾ ਦੇ ਚਲਾਣੇ ਕਾਰਨ ਬਾਅਦ ਦੁਪਹਿਰ ਸ਼੍ਰੋਮਣੀ ਕਮੇਟੀ ਦੇ ਸਮੂਹ ਅਦਾਰੇ ਵੀ ਅਫਸੋਸ ਵਜੋਂ ਬੰਦ ਕਰ ਦਿੱਤੇ ਗਏ।

ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਰਾਮ ਸਿੰਘ, ਸਕੱਤਰ ਸ. ਮਨਜੀਤ ਸਿੰਘ ਚੀਮਾਬਾਠ ਤੇ ਸ. ਅਵਤਾਰ ਸਿੰਘ ਸੈਂਪਲਾ, ਵਧੀਕ ਸਕੱਤਰ ਸ. ਬਲਵਿੰਦਰ ਸਿੰਘ ਜੌੜਾਸਿੰਘਾ, ਸ. ਸੁਖਦੇਵ ਸਿੰਘ ਭੂਰਾ ਕੋਹਨਾ, ਡਾ. ਪਰਮਜੀਤ ਸਿੰਘ ਸਰੋਆ, ਸ. ਮਹਿੰਦਰ ਸਿੰਘ ਆਹਲੀ, ਸ. ਪ੍ਰਤਾਪ ਸਿੰਘ, ਮੀਤ ਸਕੱਤਰ ਸ. ਕੁਲਵਿੰਦਰ ਸਿੰਘ ਰਮਦਾਸ, ਸ. ਸਕੱਤਰ ਸਿੰਘ, ਸ. ਜਸਵਿੰਦਰ ਸਿੰਘ ਦੀਨਪੁਰ, ਸ. ਬਲਵਿੰਦਰ ਸਿੰਘ ਕਾਹਲਵਾਂ, ਸ. ਹਰਜਿੰਦਰ ਸਿੰਘ ਕੈਰੋਂਵਾਲ, ਸ. ਤਜਿੰਦਰ ਸਿੰਘ ਪੱਡਾ, ਮੈਨੇਜਰ ਸ. ਸੁਲੱਖਣ ਸਿੰਘ ਭੰਗਾਲੀ, ਸੁਪ੍ਰਿੰਟੈਂਡੈਂਟ ਸ. ਸਤਨਾਮ ਸਿੰਘ ਤੇ ਸਹਾਇਕ ਸੁਪ੍ਰਿੰਟੈਂਡੈਂਟ ਸ. ਮਲਕੀਤ ਸਿੰਘ ਬਹਿੜਵਾਲ ਸਮੇਤ ਸ਼੍ਰੋਮਣੀ ਕਮੇਟੀ, ਧਰਮ ਪ੍ਰਚਾਰ ਕਮੇਟੀ ਤੇ ਸ੍ਰੀ ਦਰਬਾਰ ਸਾਹਿਬ ਦਾ ਸਟਾਫ ਹਾਜ਼ਰ ਸੀ।

# ੧੬ ਫਰਵਰੀ ਤੋਂ ੧੫ ਮਾਰਚ ਵਿਚਲੇ ਇਤਿਹਾਸਕ ਦਿਹਾੜੇ

## ੧੬ ਫਰਵਰੀ ਤੋਂ ੧੫ ਮਾਰਚ ਵਿਚਲੇ ਇਤਿਹਾਸਕ ਦਿਹਾੜੇ

ਅੰਮ੍ਰਿਤਸਰ - ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਗੁਰੂ ਨਾਨਕ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਦੇ ਅੰਤਰਰਾਸ਼ਟਰੀ ਜੂਡੋ ਖਿਡਾਰੀ ਕਰਮਜੋਤ ਸਿੰਘ ਨੂੰ ਉਸ ਦੀਆਂ ਖੇਡਾਂ ਦੇ ਖੇਤਰ ਵਿਚ ਪ੍ਰਾਪਤੀਆਂ ਕਾਰਨ ੨੧ ਹਜ਼ਾਰ ਰੁਪਏ ਦਾ ਚੈਕ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਵਿਦਿਅਕ ਅਦਾਰਿਆਂ ਵਿਚ ਵਿਦਿਆਰਥੀਆਂ ਨੂੰ ਖੇਡਾਂ ਨਾਲ ਜੋੜਨ ਲਈ ਵਿਸ਼ੇਸ਼ ਉਪਰਾਲੇ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਖੇਡਾਂ ਦੇ ਖੇਤਰ ਵਿਚ ਮੱਲਾਂ ਮਾਰਨ ਵਾਲੇ

ਮੱਲਾਂ ਮਾਰਨ ਵਾਲੇ ਬੱਚਿਆਂ ਨੂੰ ਵਿਸ਼ੇਸ਼ ਇਨਾਮ ਦੇ ਕੇ ਹੌਂਸਲਾ ਅਫਜ਼ਾਈ ਕੀਤੀ ਜਾਂਦੀ ਹੈ ਤਾਂ ਜੋ ਹੋਰ ਬੱਚੇ ਵੀ ਉਨ੍ਹਾਂ ਤੋਂ ਪ੍ਰੇਰਨਾ ਪ੍ਰਾਪਤ ਕਰ ਸਕਣ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਉਸਦੀਆਂ ਪ੍ਰਾਪਤੀਆਂ 'ਤੇ ਕਰਮਜੋਤ ਸਿੰਘ ਤੇ ਉਸਦੇ ਮਾਪਿਆਂ ਨੂੰ ਵਧਾਈ ਵੀ ਦਿੱਤੀ। ਇਸ ਸਮੇਂ ਸ਼੍ਰੋਮਣੀ ਕਮੇਟੀ ਸਕੱਤਰ ਸ. ਅਵਤਾਰ ਸਿੰਘ ਸੈਂਪਲਾ, ਨਿੱਜੀ ਸਹਾਇਕ ਸ. ਜਗਜੀਤ ਸਿੰਘ ਜੱਗੀ ਅਤੇ ਹੋਰ ਹਾਜ਼ਰ ਸਨ।ਵੀ ਦਿੱਤੀ। ਇਸ ਸਮੇਂ ਸ਼੍ਰੋਮਣੀ ਕਮੇਟੀ ਸਕੱਤਰ ਸ. ਅਵਤਾਰ ਸਿੰਘ ਸੈਂਪਲਾ, ਨਿੱਜੀ ਸਹਾਇਕ ਸ. ਜਗਜੀਤ ਸਿੰਘ ਜੱਗੀ ਅਤੇ ਹੋਰ ਹਾਜ਼ਰ ਸਨ।

ਦੱਸਣਯੋਗ ਹੈ ਕਿ ਗੁਰੂ ਨਾਨਕ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਦਾ ਬਾਰ੍ਹਵੀਂ ਜਮਾਤ ਦਾ ਵਿਦਿਆਰਥੀ ਕਰਮਜੋਤ ਸਿੰਘ ਜੂਡੋ ਖੇਡ ਵਿਚ ਰਾਸ਼ਟਰੀ ਤੇ ਅੰਤਰਰਾਸ਼ਟਰੀ ਪ੍ਰਾਪਤੀਆਂ ਕਰ ਚੁੱਕਾ ਹੈ। ਉਸਨੇ ੬੬ ਕਿ.ਗ੍ਰਾ. ਵਰਗ ਵਿਚ ਜ਼ਿਲ੍ਹਾ ਪੱਧਰ, ਸਟੇਟ ਪੱਧਰ ਤੇ ਰਾਸ਼ਟਰੀ ਪੱਧਰ 'ਤੇ ਸੋਨੇ ਦੇ ਤਗਮੇ ਪ੍ਰਾਪਤ ਕਰਕੇ ਸ਼੍ਰੋਮਣੀ ਕਮੇਟੀ ਕਮੇਟੀ ਦੀ ਵਿਦਿਅਕ ਸੰਸਥਾ ਦਾ ਨਾਮ ਪੂਰੇ ਦੇਸ਼ ਵਿਚ ਰੌਸ਼ਨ ਕੀਤਾ। ਇਸਦੇ ਨਾਲ ਹੀ ਉਹ ੬੬ ਕਿ.ਗ੍ਰਾ. ਵਰਗ ਵਿਚ ਹੀ ਭਾਰਤ ਵੱਲੋਂ ਅੰਤਰਰਾਸ਼ਟਰੀ ਮੁਕਾਬਲਿਆਂ ਵਿਚ ਵੀ ਹਿੱਸਾ ਲੈ ਚੁੱਕਾ ਹੈ, ਜਿਸ ਦੌਰਾਨ ਦੁਬਈ, ਫਰਾਂਸ, ਰੂਸ, ਬ੍ਰਾਜ਼ੀਲ ਅਤੇ ਚੀਨ ਦੇ ਖਿਡਾਰੀਆਂ ਨਾਲ ਸਖਤ ਮੁਕਾਬਲੇ ਤੋਂ ਬਾਅਦ ਰੂਸ ਨੂੰ ਹਰਾ ਕੇ ਕਾਂਸੀ ਦਾ ਤਗਮਾ ਹਾਸਲ ਕਰ ਚੁੱਕਾ ਹੈ। ੧੨ ਜਨਵਰੀ

# ੧੬ ਫਰਵਰੀ ਤੋਂ ੧੫ ਮਾਰਚ ਵਿਚਲੇ ਇਤਿਹਾਸਕ ਦਿਹਾੜੇ

## ੧੬ ਫਰਵਰੀ ਤੋਂ ੧੫ ਮਾਰਚ ਵਿਚਲੇ ਇਤਿਹਾਸਕ ਦਿਹਾੜੇ

## ਵਧੀਆ ਕਾਰਗੁਜ਼ਾਰੀ ਵਾਲੇ ਪ੍ਰਚਾਰਕਾਂ ਨੂੰ ਸਨਮਾਨਿਤ ਕਰੇਗੀ ਸ਼੍ਰੋਮਣੀ ਕਮੇਟੀ - ਭਾਈ ਲੌਂਗੋਵਾਲ

ਤਲਵੰਡੀ ਸਾਬੋ, - ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ੫੫੦ ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹੁੰਦਿਆਂ ਸ਼੍ਰੋਮਣੀ ਕਮੇਟੀ ਦਾ ਹਰ ਮੈਂਬਰ ਇੱਕ ਸਾਲ ਵਿਚ ਘੱਟੋ ਘੱਟ ੫੫੦ ਪ੍ਰਾਣੀਆਂ ਨੂੰ ਅੰਮ੍ਰਿਤਧਾਰੀ ਬਣਾਉਣ ਲਈ ਅੱਗੇ ਆਵੇ। ਉਹ ਇਥੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਦੀਵਾਨ ਹਾਲ ਵਿਖੇ ਸ਼੍ਰੋਮਣੀ ਕਮੇਟੀ ਮੈਂਬਰਾਂ, ਪ੍ਰਚਾਰਕਾਂ, ਢਾਡੀ-ਕਵੀਸ਼ਰਾਂ, ਸਕੂਲਾਂ-ਕਾਲਜਾਂ ਦੇ ਪ੍ਰਿੰਸੀਪਲਾਂ, ਇਤਿਹਾਸਕ ਗੁਰਦੁਆਰਾ ਸਾਹਿਬਾਨ ਦੇ ਮੈਨੇਜਰਾਂ ਅਤੇ ਲੋਕਲ ਗੁਰਦੁਆਰਾ ਕਮੇਟੀਆਂ ਦੇ ਅਹੁਦੇਦਾਰਾਂ ਦੀ ਧਰਮ ਪ੍ਰਚਾਰ ਲਹਿਰ ਨੂੰ ਪ੍ਰਚੰਡ ਕਰਨ ਸਬੰਧੀ ਰੱਖੀ ਗਈ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ।

ਉਨ੍ਹਾਂ ਕਿਹਾ ਕਿ ਸਿੱਖ ਫ਼ਲਸਫ਼ੇ, ਇਤਿਹਾਸ ਅਤੇ ਗੁਰਮਤਿ ਰਹਿਣੀ ਦਾ ਪ੍ਰਚਾਰ ਕਰਨਾ ਹਰ ਸਿੱਖ ਦੀ ਜ਼ੁੰਮੇਵਾਰੀ ਹੈ ਅਤੇ ਇਸ ਕਾਰਜ ਲਈ ਸਿੱਖ ਸੰਸਥਾਵਾਂ ਦੇ ਨਾਲ-ਨਾਲ ਹਰ ਇਕ ਸਿੱਖ ਨੂੰ ਪ੍ਰਚਾਰਕ ਬਣ ਕੇ ਕਾਰਜ ਕਰਨਾ ਪਵੇਗਾ।ਭਾਈ ਲੌਂਗਵਾਲ ਨੇ ਕਿਹਾ ਕਿ ਨਿਰਮਲੇ, ਉਦਾਸੀ ਆਦਿ ਸੰਪਰਦਾਵਾਂ ਸਿੱਖ ਧਰਮ ਦੀ ਸ਼ਾਖਾਵਾਂ ਹਨ ਅਤੇ ਸ਼੍ਰੋਮਣੀ ਕਮੇਟੀ ਸਭ ਦੇ ਸਹਿਯੋਗ ਨਾਲ ਧਰਮ ਪ੍ਰਚਾਰ ਲਹਿਰ ਨੂੰ ਅੱਗੇ ਵਧਾਏਗੀ। ਉਨ੍ਹਾਂ ਪ੍ਰਚਾਰਕਾਂ ਨੂੰ ਧਰਮ ਪ੍ਰਚਾਰ ਪ੍ਰਤੀ ਸਮਰਪਣ ਭਾਵਨਾ ਨਾਲ ਕੰਮ ਕਰਨ ਦੀ ਪ੍ਰੇਰਣਾ ਕਰਦਿਆਂ ਕਿਹਾ ਕਿ ਜੋ ਵੀ ਪ੍ਰਚਾਰਕ ਵਧੀਆ ਨਤੀਜੇ ਦੇਵੇਗਾ ਉਸ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਵਿਸ਼ੇਸ਼ ਸਨਮਾਨ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਵਰ੍ਹੇ ਦੀ ਧਰਮ ਪ੍ਰਚਾਰ ਲਹਿਰ ਪਹਿਲੇ ਪਾਤਸ਼ਾਹ ਜੀ ਦੇ ੫੫੦ ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕੀਤੀ ਗਈ ਹੈ ਅਤੇ ਇਸ ਦੀ ਆਰੰਭਤਾ ੨੧ ਜਨਵਰੀ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਇਤਿਹਾਸਕ ਅਸਥਾਨ ਤੋਂ ਕੀਤੀ ਜਾਵੇਗੀ। ਉਨ੍ਹਾਂ ਸ਼੍ਰੋਮਣੀ ਕਮੇਟੀ ਤੇ ਧਰਮ ਪ੍ਰਚਾਰ ਕਮੇਟੀ ਦੇ ਮੈਂਬਰਾਂ, ਪ੍ਰਚਾਰਕਾਂ, ਸਕੂਲਾਂ ਕਾਲਜਾਂ ਦੇ ਮੁੱਖੀਆਂ ਅਤੇ ਗੁਰਦੁਆਰਾ ਸਾਹਿਬਾਨ ਦੇ ਮੈਨੇਜਰਾਂ ਨੂੰ ੨੧ ਜਨਵਰੀ ਨੂੰ ਕਰਵਾਏ ਜਾਣ ਵਾਲੇ ਮਹਾਨ ਗੁਰਮਤਿ ਸਮਾਗਮ ਵਿਚ ਸ਼ਾਮਲ ਹੋਣ ਲਈ ਸੰਗਤਾਂ ਨੂੰ ਵੱਧ ਤੋਂ ਵੱਧ ਪ੍ਰੇਰਣਾ ਕਰਨ ਦੀ ਅਪੀਲ ਵੀ ਕੀਤੀ।

ਇਸ ਮੌਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਗੁਰਮਤਿ ਪ੍ਰਚਾਰ ਲਹਿਰ ਨੂੰ ਹੋਰ ਪ੍ਰਚੰਡ ਕਰਨ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਦੀ ਸ਼ਲਾਘਾ

ਕੀਤੀ ਅਤੇ ਵਰਤਮਾਨ ਸਮੇਂ ਵਿਚ ਸ਼ੋਸ਼ਲ ਮੀਡੀਆ ਨੂੰ ਧਰਮ ਪ੍ਰਚਾਰ ਲਈ ਵਰਤਣਾ ਸਮੇਂ ਦੀ ਲੋੜ ਦੱਸਿਆ।

ਇਸ ਦੌਰਾਨ ਸ਼੍ਰੋਮਣੀ ਅਕਾਲੀ ਦੇ ਸੀਨੀਅਰ ਆਗੂ ਅਤੇ ਸਾਬਕਾ ਕੈਬਨਿਟ ਮੰਤਰੀ ਸ. ਸਿਕੰਦਰ ਸਿੰਘ ਮਲੂਕਾ ਨੇ ਸ਼੍ਰੋਮਣੀ ਕਮੇਟੀ ਨੂੰ ਸਿੱਖਾਂ ਦੀ ਸੁਪਰੀਮ ਧਾਰਮਿਕ ਸੰਸਥਾ ਦੱਸਦਿਆਂ ਇਸ ਵੱਲੋਂ ਕੌਮੀ ਸੰਗਠਨ ਅਤੇ ਪੰਥਕ ਮਰਿਯਾਦਾ ਦੀ ਪਹਿਰੇਦਾਰੀ ਲਈ ਨਿਭਾਈ ਭੂਮਿਕਾ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਸੰਗਤਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਆਰੰਭੇ ਗਏ ਧਰਮ ਪ੍ਰਚਾਰ ਕਾਰਜਾਂ ਵਿਚ ਵੱਧ ਤੋਂ ਵੱਧ ਸਹਿਯੋਗ ਦੇ ਕੇ ਗੁਰਮਤਿ ਫ਼ਲਸਫ਼ੇ ਨੂੰ ਉਭਾਰਨ ਲਈ ਯਤਨ ਕਰਨੇ ਚਾਹੀਦੇ ਹਨ। ਉਨ੍ਹਾਂ ਧਰਮ ਪ੍ਰਚਾਰ ਲਹਿਰ ਵਿਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਪੂਰਨ ਸਹਿਯੋਗ ਦੀ ਵਚਨਬੱਧਤਾ ਦਾ ਪ੍ਰਗਟਾਵਾ ਵੀ ਕੀਤਾ।

ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਅੰਤ੍ਰਿੰਗ ਕਮੇਟੀ ਮੈਂਬਰ ਸ. ਗੁਰਤੇਜ ਸਿੰਘ ਢੱਡੇ, ਬਾਬਾ ਗੁਰਮੀਤ ਸਿੰਘ ਤਿਲੋਕੇਵਾਲਾ, ਸ. ਸਤਵਿੰਦਰ ਸਿੰਘ ਟੌਹੜਾ ਅਤੇ ਪ੍ਰਚਾਰ ਭਾਈ ਜਸਵਿੰਦਰ ਸਿੰਘ ਸ਼ਹੂਰ ਨੇ ਵੀ ਵਿਚਾਰ ਸਾਂਝੇ ਕੀਤੇ। ਇਸ ਮੌਕੇ ਧਰਮ ਪ੍ਰਚਾਰ ਕਮੇਟੀ ਦੇ ਵਧੀਕ ਸਕੱਤਰ ਪ੍ਰੋ. ਬਲਵਿੰਦਰ ਸਿੰਘ ਜੌੜਾਸਿੰਘਾ ਧਰਮ ਪ੍ਰਚਾਰ ਲਹਿਰ ਦੇ ਪ੍ਰੋਗਰਾਮਾਂ ਦੀ ਰੂਪ-ਰੇਖਾ ਬਾਰੇ ਜਾਣਕਾਰੀ ਦਿੱਤੀ ਅਤੇ ਸਟੇਜ ਸੰਚਾਲਕ ਦੀ ਭੂਮਿਕਾ ਐਡੀਸ਼ਨਲ ਸਕੱਤਰ ਸ. ਕੇਵਲ ਸਿੰਘ ਭੂਰਾਕੋਹਨਾ ਨੇ ਨਿਭਾਈ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰ ਸ. ਹਰਦੇਵ ਸਿੰਘ ਰੋਗਲਾ, ਸ. ਲਖਬੀਰ ਸਿੰਘ ਅਰਾਈਆਂ ਵਾਲਾ, ਸ. ਨਵਤੇਜ ਸਿੰਘ ਕਾਉਣੀ, ਸ. ਗੁਰਤੇਜ ਸਿੰਘ ਢੱਡੇ, ਬਾਬਾ ਗੁਰਮੀਤ ਸਿੰਘ ਤਿਰਲੋਕੇਵਾਲਾ, ਮੈਂਬਰਾਨ ਸ. ਮੋਹਨ ਸਿੰਘ ਬੰਗੀ, ਸ. ਅਮਰੀਕ ਸਿੰਘ ਕੋਟਸ਼ਮੀਰ, ਸ. ਅਵਤਾਰ ਸਿੰਘ ਵਣਵਾਲਾ, ਸ. ਮਨਜੀਤ ਸਿੰਘ ਬੱਪੀਆਣਾ, ਸ. ਸਵਿੰਦਰ ਸਿੰਘ ਸਭਰਵਾਲ, ਸ. ਪਰਮਜੀਤ ਸਿੰਘ ਖ਼ਾਲਸਾ ਬਰਨਾਲਾ, ਸ. ਮਲਕੀਤ ਸਿੰਘ ਚੰਗਾਲ, ਸ. ਲਾਭ ਸਿੰਘ ਦੇਵੀ ਨਗਰ, ਸ. ਸੁਰਜੀਤ ਸਿੰਘ ਕੰਗ, ਸ. ਸਤਵਿੰਦਰ ਸਿੰਘ ਟੌਹੜਾ, ਬੀਬੀ ਜੋਗਿੰਦਰ ਕੌਰ, ਸ. ਰਾਮਪਾਲ ਸਿੰਘ ਬਹਿਣੀਵਾਲ, ਬਾਬਾ ਸੁਖਚੈਨ ਸਿੰਘ ਧਰਮਪੁਰਾ, ਸ. ਮਿੱਠੂ ਸਿੰਘ ਕਾਹਨੇਕੇ, ਬੀਬੀ ਗੁਰਿੰਦਰ ਕੌਰ ਭੋਲੂਆਣਾ, ਸ. ਸੁਰਜੀਤ ਸਿੰਘ ਰਾਏਪੁਰ, ਸ, ਸੁਖਦੇਵ ਸਿੰਘ ਬਾਠ, ਸ. ਸੁਖਦਰਸ਼ਨ ਸਿੰਘ ਮਰਾੜ, ਸ. ਬਲਦੇਵ ਸਿੰਘ, ਸ. ਬਿਕਰ ਸਿੰਘ ਚੰਨੂ, ਬੀਬੀ ਕਿਰਨਵੀਰ ਕੌਰ ਭੁੱਲਰ, ਬੀਬੀ ਹਰਦੀਪ ਸਿੰਘ ਖੋਖ, ਸ. ਗੁਰਲਾਲ ਸਿੰਘ ਫ਼ਤਹਿਗੜ੍ਹ, ਬਾਬਾ ਕਾਕਾ ਸਿੰਘ ਬੁੰਗਾ ਮਸਤੂਆਣਾ, ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਸ. ਦਿਲਜੀਤ ਸਿੰਘ ਬੇਦੀ, ਪ੍ਰੋ. ਬਲਵਿੰਦਰ ਸਿੰਘ ਜੌੜਾਸਿੰਘਾ, ਸ. ਕੇਵਲ ਸਿੰਘ ਗਿੱਲ, ਸ. ਪ੍ਰਤਾਪ ਸਿੰਘ, ਮੀਤ ਸਕੱਤਰ ਸ. ਸਿਮਰਜੀਤ ਸਿੰਘ ਕੰਗ, ਡਾ. ਗੁਰਵੀਰ ਸਿੰਘ, ਡਾ. ਚਮਕੌਰ ਸਿੰਘ, ਮੈਨੇਜਰ ਸ. ਕਰਨ ਸਿੰਘ, ਸ. ਸੁਮੇਰ ਸਿੰਘ, ਸ. ਗੁਰਲਾਲ ਸਿੰਘ, ਵੱਖ-ਵੱਖ ਸਕੂਲਾਂ ਕਾਲਜਾਂ ਦੇ ਪ੍ਰਿੰਸੀਪਲ, ਧਰਮ ਪ੍ਰਚਾਰ ਕਮੇਟੀ ਦੇ ਪ੍ਰਚਾਰਕ, ਧਾਰਮਿਕ ਅਧਿਆਪਕ, ਢਾਡੀ, ਕਵੀਸ਼ਰ, ਲੋਕਲ ਗੁਰਦੁਆਰਾ ਕਮੇਟੀਆਂ ਦੇ ਅਹੁਦੇਦਾਰ ਅਤੇ ਗੁਰਦੁਆਰਾ ਸਾਹਿਬਾਨ ਦੇ ਮੈਨੇਜਰ ਵੱਡੀ ਗਿਣਤੀ ਵਿਚ ਹਾਜ਼ਰ ਸਨ।

੧੮ ਜਨਵਰੀ

# ੧੬ ਫਰਵਰੀ ਤੋਂ ੧੫ ਮਾਰਚ ਵਿਚਲੇ ਇਤਿਹਾਸਕ ਦਿਹਾੜੇ

੧੬ ਫਰਵਰੀ ਤੋਂ ੧੫ ਮਾਰਚ ਵਿਚਲੇ ਇਤਿਹਾਸਕ ਦਿਹਾੜੇ

ਅੰਮ੍ਰਿਤਸਰ, - ਆਸਟ੍ਰੇਲੀਆ 'ਚ ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਸੇਵਾ ਨਿਭਾਅ ਰਹੇ ਸ. ਜਸਬੀਰ ਸਿੰਘ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਦਫਤਰ ਵਿਖੇ ਅੱਜ ਸਕੱਤਰ ਸ. ਮਨਜੀਤ ਸਿੰਘ ਚੀਮਾ ਬਾਠ ਨੇ ਸਨਮਾਨਿਤ ਕੀਤਾ। ਸ. ਜਸਬੀਰ ਸਿੰਘ ਨੇ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨਾਲ ਆਸਟ੍ਰੇਲੀਆ ਵਿਚ ਸਿੱਖ ਧਰਮ ਦੇ ਪ੍ਰਚਾਰ ਸਬੰਧੀ ਵਿਚਾਰ-ਵਟਾਂਦਰਾ ਕੀਤਾ ਅਤੇ ਸਿੱਖਾਂ ਦੀਆਂ ਵੱਖ-ਵੱਖ ਖੇਤਰਾਂ ਵਿਚ ਪ੍ਰਾਪਤੀਆਂ ਬਾਰੇ ਵੀ ਚਰਚਾ ਕੀਤੀ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਮਨਜੀਤ ਸਿੰਘ ਨੇ ਆਸਟ੍ਰੇਲੀਆ ਵਿਖੇ ਸਿੱਖੀ ਦੀ ਚੜ੍ਹਦੀ ਕਲਾ ਲਈ ਸ. ਜਸਬੀਰ ਸਿੰਘ ਵੱਲੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ ਅਤੇ ਇਸੇ ਤਰ੍ਹਾਂ ਨਿਰੰਤਰ ਸਿੱਖੀ

ਪ੍ਰਚਾਰ ਕਰਦੇ ਰਹਿਣ ਦੀ ਕਾਮਨਾ ਵੀ ਕੀਤੀ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਸ. ਬਲਵਿੰਦਰ ਸਿੰਘ ਜੌੜਾ ਸਿੰਘਾ, ਸ਼੍ਰੋਮਣੀ ਕਮੇਟੀ ਪ੍ਰਧਾਨ ਦੇ ਨਿੱਜੀ ਸਹਾਇਕ ਸ. ਜਗਜੀਤ ਸਿੰਘ ਜੱਗੀ, ਸ. ਪਲਵਿੰਦਰ ਸਿੰਘ ਤੇ ਸ. ਸੁਖਬੀਰ ਸਿੰਘ ਇੰਚਾਰਜ ਵੀ ਮੌਜੂਦ ਸਨ। ੨੦ ਜਨਵਰੀ

# ੧੬ ਫਰਵਰੀ ਤੋਂ ੧੫ ਮਾਰਚ ਵਿਚਲੇ ਇਤਿਹਾਸਕ ਦਿਹਾੜੇ

## ੧੬ ਫਰਵਰੀ ਤੋਂ ੧੫ ਮਾਰਚ ਵਿਚਲੇ ਇਤਿਹਾਸਕ ਦਿਹਾੜੇ

ਅੰਮ੍ਰਿਤਸਰ, - ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਸ. ਦਿਆਲ ਸਿੰਘ ਮਜੀਠੀਆ ਈਵਨਿੰਗ ਕਾਲਜ ਦਿੱਲੀ ਦੇ ਨਾਂ ਵਿਚ ਤਬਦੀਲੀ ਸਬੰਧੀ ਕਾਲਜ ਦੀ ਗਵਰਨਿੰਗ ਬਾਡੀ ਦੇ ਫ਼ੈਸਲੇ 'ਤੇ ਭਾਰਤ ਸਰਕਾਰ ਵੱਲੋਂ ਲਗਾਈ ਰੋਕ ਦਾ ਸਵਾਗਤ ਕੀਤਾ ਹੈ। ਦਫ਼ਤਰ ਸ਼੍ਰੋਮਣੀ ਕਮੇਟੀ ਤੋਂ ਜਾਰੀ ਪ੍ਰੈੱਸ ਬਿਆਨ ਵਿਚ ਭਾਈ ਲੌਂਗੋਵਾਲ ਨੇ ਕਿਹਾ ਕਿ ਭਾਰਤ ਸਰਕਾਰ ਦਾ ਇਹ ਫ਼ੈਸਲਾ ਦਰੁੱਸਤ ਹੈ, ਜਿਸ ਨਾਲ ਸਿੱਖਾਂ ਦਾ ਵਿਰੋਧ ਸ਼ਾਂਤ ਹੋਇਆ ਹੈ। ਦੱਸਣਯੋਗ ਹੈ ਕਿ ਹਿਊਮਨ ਰੀਸੋਰਸ ਵਿਭਾਗ ਦੇ ਮੰਤਰੀ ਸ੍ਰੀ ਪ੍ਰਕਾਸ਼ ਜਾਵੜੇਕਰ ਵੱਲੋਂ ਕੇਂਦਰੀ ਮੰਤਰੀ ਬੀਬਾ ਹਰਸਿਮਰਤ ਕੌਰ ਬਾਦਲ ਨੂੰ ਇੱਕ ਪੱਤਰ ਰਾਹੀਂ ਜਾਣਕਾਰੀ ਦਿੱਤੀ ਗਈ ਹੈ ਕਿ ਕਾਲਜ ਦੇ ਨਾਂ ਵਿਚ ਤਬਦੀਲੀ ਨੂੰ ਭਾਰਤ ਸਰਕਾਰ ਵੱਲੋਂ ਪ੍ਰਵਾਨ ਨਹੀਂ ਕੀਤਾ ਗਿਆ। ਹਿਊਮਨ ਰੀਸੋਰਸ ਵਿਭਾਗ ਦੇ ਮੰਤਰੀ ਵੱਲੋਂ ਲੰਘੀ ੧੯ ਜਨਵਰੀ ਨੂੰ ਬੀਬਾ ਹਰਸਿਮਰਤ ਕੌਰ ਬਾਦਲ ਨੂੰ ਇਹ ਪੱਤਰ ਭੇਜਿਆ ਗਿਆ ਹੈ। ਭਾਈ ਲੌਂਗੋਵਾਲ ਨੇ ਇਸ ਮਾਮਲੇ ਵਿਚ ਵਿਸ਼ੇਸ਼ ਰੁਚੀ ਦਿਖਾਉਣ ਲਈ ਜਿਥੇ ਕੇਂਦਰੀ ਮੰਤਰੀ ਬੀਬਾ ਹਰਸਿਮਰਤ ਕੌਰ ਬਾਦਲ ਦਾ ਧੰਨਵਾਦ ਕੀਤਾ ਉਥੇ ਹੀ ਸਿੱਖ ਪੰਥ ਦੀਆਂ ਵੱਖ-ਵੱਖ ਜਥੇਬੰਦੀਆਂ ਵੱਲੋਂ ਕਾਲਜ ਦੇ ਨਾਂ ਤਬਦੀਲੀ ਰੋਕਣ ਲਈ ਕੋਸ਼ਿਸ਼ਾਂ ਦੀ ਸ਼ਲਾਘਾ ਵੀ ਕੀਤੀ।

ਜ਼ਿਕਰਯੋਗ ਹੈ ਕਿ ਕਾਲਜ ਦੀ ਗਵਰਨਿੰਗ ਬਾਡੀ ਵੱਲੋਂ ਨਾਂ ਤਬਦੀਲੀ ਦਾ ਮਾਮਲਾ ਸਾਹਮਣੇ ਆਉਣ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਵੱਲੋਂ ਭਾਰੀ ਵਿਰੋਧ ਜਿਤਾ ਕੇ ਇਸ ਫ਼ੈਸਲੇ ਨੂੰ ਬਦਲਣ ਲਈ ਮਜ਼ਬੂਰ ਕੀਤਾ ਗਿਆ ਹੈ। ਇਸੇ ਤਹਿਤ ਹੀ ਕੇਂਦਰੀ ਮੰਤਰੀ ਬੀਬਾ ਹਰਸਿਮਰਤ ਕੌਰ ਬਾਦਲ ਨੇ ਵੀ ਭਾਰਤ ਸਰਕਾਰ ਦੇ ਹਿਊਮਨ ਰੀਸੋਰਸ ਵਿਭਾਗ ਦੇ ਮੰਤਰੀ ਨੂੰ ਇਸ ਫ਼ੈਸਲੇ 'ਤੇ ਰੋਕ ਲਗਾਉਣ ਲਈ ਪੱਤਰ ਲਿਖਿਆ ਸੀ। ੨੦ ਜਨਵਰੀ

# ੧੬ ਫਰਵਰੀ ਤੋਂ ੧੫ ਮਾਰਚ ਵਿਚਲੇ ਇਤਿਹਾਸਕ ਦਿਹਾੜੇ

## ੧੬ ਫਰਵਰੀ ਤੋਂ ੧੫ ਮਾਰਚ ਵਿਚਲੇ ਇਤਿਹਾਸਕ ਦਿਹਾੜੇ

ਅੰਮ੍ਰਿਤਸਰ, -ਪੰਜਾਬ ਸਰਕਾਰ ਵੱਲੋਂ ਪੰਜਾਬ ਅੰਦਰ ਹੀ ਕੀਤੀ ਜਾ ਰਹੀ ਪੰਜਾਬੀ ਦੀ ਬੇ-ਕਦਰੀ ਠੀਕ ਨਹੀਂ ਹੈ ਅਤੇ ਇਸ ਨਾਲ ਪੰਜਾਬ ਸਰਕਾਰ ਦਾ ਪੰਜਾਬੀ ਵਿਰੋਧੀ ਰਵੱਈਆ ਸਾਹਮਣੇ ਆਇਆ ਹੈ। ਆਪਣੇ ਹੀ ਸੂਬੇ ਅੰਦਰ ਮਾਂ ਬੋਲੀ ਨਾਲ ਪਰਾਇਆਂ ਵਾਲਾ ਸਲੂਕ ਕਰਨਾ ਕਿਸੇ ਵੀ ਤਰ੍ਹਾਂ ਵੀ ਜਾਇਜ਼ ਨਹੀਂ ਹੈ। ਇਹ ਪ੍ਰਗਟਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਸ਼੍ਰੋਮਣੀ ਕਮੇਟੀ ਦੇ ਬੁਲਾਰੇ ਅਤੇ ਵਧੀਕ ਸਕੱਤਰ ਸ. ਦਿਲਜੀਤ ਸਿੰਘ ਬੇਦੀ ਨੇ ਜਾਰੀ ਇਕ ਪ੍ਰੈੱਸ ਬਿਆਨ ਰਾਹੀਂ ਕੀਤਾ ਹੈ। ਉਨ੍ਹਾਂ ਕਿਹਾ ਕਿ ਹਾਲ ਹੀ ਵਿਚ ਪੰਜਾਬ ਸਰਕਾਰ ਵੱਲੋਂ ਕੀਤੇ ਗਏ ਫ਼ੈਸਲੇ ਅਨੁਸਾਰ ਮਿਡਲ ਸਕੂਲਾਂ ਵਿੱਚੋਂ ਵਾਧੂ ਸਟਾਫ਼ ਨੂੰ ਬਦਲ ਕੇ ਹੋਰਨਾਂ ਸਕੂਲਾਂ ਵਿਚ ਤਬਦੀਲ ਕਰਨ ਨਾਲ ਕਈ ਸਕੂਲਾਂ ਵਿਚ ਪੰਜਾਬੀ ਦੇ ਅਧਿਆਪਕ ਨਹੀਂ ਰਹਿਣਗੇ, ਜਿਸ ਨਾਲ ਬੱਚਿਆਂ ਨੂੰ ਪੰਜਾਬੀ ਵਿਸ਼ਾ ਹੋਰਨਾਂ ਵਿਸ਼ਿਆਂ ਦੇ ਅਧਿਆਪਕਾਂ ਨੂੰ ਪੜ੍ਹਾਉਣਾ ਪਵੇਗਾ। ਇਹ ਫ਼ੈਸਲਾ ਭਵਿੱਖ ਦੀ ਪੀੜ੍ਹੀ ਨੂੰ ਆਪਣੇ ਮਾਂ ਬੋਲੀ ਪੰਜਾਬੀ ਤੋਂ ਦੂਰ ਕਰਨ ਵਾਲਾ ਹੈ, ਜਿਸ ਦਾ ਨਤੀਜਾ ਸਾਨੂੰ ਆਉਣ ਵਾਲੇ ਸਮੇਂ ਵਿਚ ਭੁਗਤਣਾ ਪਵੇਗਾ।

ਉਨ੍ਹਾਂ ਆਖਿਆ ਕਿ ਪੰਜਾਬ ਸਰਕਾਰ ਨੂੰ ਮਾਂ ਬੋਲੀ ਦੀ ਪ੍ਰਫੁੱਲਤਾ ਲਈ ਸੁਚੇਤ ਹੋਣਾ ਚਾਹੀਦਾ ਹੈ ਅਤੇ ਹਰ ਸਕੂਲ ਵਿਚ ਪੰਜਾਬੀ ਅਧਿਆਪਕਾਂ ਦੀ ਨਿਯੁਕਤੀ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ। ਉਨ੍ਹਾਂ ਪਟਿਆਲਾ ਜ਼ਿਲ੍ਹੇ ਦੇ ੧੩੦ ਪ੍ਰਾਇਮਰੀ ਸਕੂਲਾਂ ਵਿਚ ਅਗਲੇ ਸਾਲ ਤੋਂ ਹਿਸਾਬ ਅਤੇ ਵਿਗਿਆਨ ਦੀ ਪੜ੍ਹਾਈ ਦਾ ਮਾਧਿਅਮ ਪੰਜਾਬੀ ਦੀ ਥਾਂ ਅੰਗਰੇਜ਼ੀ ਕਰਨ ਨੂੰ ਵੀ ਮੰਦਭਾਗਾ ਕਰਾਰ ਦਿੱਤਾ ਹੈ। ੨੦ ਜਨਵਰੀ

## ਗੁਰਦੁਆਰਾ ਸਾਹਿਬ ਵਿਚ ਜਾਤੀ ਪੱਖਪਾਤ ਦਾ ਮਾਮਲਾ

# ੧੬ ਫਰਵਰੀ ਤੋਂ ੧੫ ਮਾਰਚ ਵਿਚਲੇ ਇਤਿਹਾਸਕ ਦਿਹਾੜੇ

ਸ੍ਰੀ ਅੰਮ੍ਰਿਤਸਰ, - ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਧੂਰੀ ਨੇੜਲੇ ਪਿੰਡ ਮਾਨਵਾਲਾ ਦੇ ਇੱਕ ਗੁਰਦੁਆਰਾ ਸਾਹਿਬ ਵਿਚ ਦਲਿਤ ਪਰਿਵਾਰ ਨੂੰ ਅਖੰਡਪਾਠ ਸਾਹਿਬ ਕਰਵਾਉਣ ਤੋਂ ਰੋਕਣ ਦੇ ਸਾਹਮਣੇ ਆਏ ਮਾਮਲੇ ਨੂੰ ਮੰਦਭਾਗਾ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਘਟਨਾਵਾਂ ਸਿੱਧੇ ਤੌਰ 'ਤੇ ਸਿੱਖ ਧਰਮ ਦੇ ਸਿਧਾਂਤਾਂ ਨੂੰ ਢਾਹ ਲਾਉਣ ਵਾਲੀਆਂ ਹਨ। ਜਾਤੀਵਾਦ ਨੱਲ ਜੋੜ ਕੇ ਪੱਖਪਾਤ ਕਰਨਾ ਗੁਰਮਤਿ ਮਰਯਾਦਾ ਦੇ ਉਲਟ ਹੈ, ਜਦਕਿ ਗੁਰਦੁਆਰਾ ਸਾਹਿਬਾਨ ਵਿੱਚੋਂ ਤਾਂ ਸੰਗਤਾਂ ਨੂੰ ਸਾਂਝੀਵਾਲਤਾ ਦਾ ਸੰਦੇਸ਼ ਮਿਲਦਾ ਹੈ। ਭਾਈ ਲੌਂਗੋਵਾਲ ਨੇ ਕਿਹਾ ਕਿ ਇਸ ਘਟਨਾ ਦੀ ਪੜਤਾਲ ਕਰਨ ਲਈ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰ ਭਾਈ ਹਰਿੰਦਰ ਸਿੰਘ ਰੋਗਲਾ ਤੇ ਮੈਂਬਰ ਭਾਈ ਭੁਪਿੰਦਰ ਸਿੰਘ ਭਲਵਾਨ 'ਤੇ ਆਧਾਰਤ ਜਾਂਚ ਕਮੇਟੀ ਬਣਾ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਇਸ ਕਮੇਟੀ ਵੱਲੋਂ ਜਲਦ ਹੀ ਮਾਮਲੇ ਦੀ ਪੂਰੀ ਪੜਤਾਲ ਕਰਕੇ ਰਿਪੋਰਟ ਦਿੱਤੀ ਜਾਵੇਗੀ ਅਤੇ ਰਿਪੋਰਟ ਮਿਲਣ ਤੋਂ ਬਾਅਦ ਅਗਲੀ ਕਾਰਵਾਈ ਨੂੰ ਅਮਲ ਵਿਚ ਲਿਆਂਦਾ ਜਾਵੇਗਾ। ੨੧ ਜਨਵਰੀ

## ਕੈਨੇਡਾ ਅੰਦਰ ਸਿੱਖ ਨੂੰ ਦਸਤਾਰ ਉਤਾਰਨ ਲਈ ਮਜਬੂਰ ਕਰਨਾ ਮੰਦਭਾਗਾ-ਭਾਈ ਲੌਂਗੋਵਾਲ

ਅੰਮ੍ਰਿਤਸਰ, - ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਨੇ ਧੂਰੀ ਨੇੜਲੇ ਪਿੰਡ ਮਾਨਵਾਲਾ ਵਿਖੇ ਗੁਰਦੁਆਰਾ ਸਾਹਿਬ ਅੰਦਰ ਜਾਤੀ ਵਖਰੇਵੇਂ ਦੇ ਆਧਾਰ 'ਤੇ ਸ੍ਰੀ ਅਖੰਡ ਪਾਠ ਸਾਹਿਬ ਨਾ ਕਰਵਾਉਣ ਦੇਣ ਨੂੰ ਸਿੱਖ ਸਿਧਾਂਤਾਂ ਦੇ ਵਿਰੁੱਧ ਕਰਾਰ ਦਿੰਦਿਆਂ ਇਸ ਦੀ ਅੱਜ ਇਕ ਵਾਰ ਫਿਰ ਨੰਦਾ ਕੀਤੀ। ਉਨ੍ਹਾਂ ਅੱਜ ਇਥੇ ਗੱਲਬਾਤ ਕਰਦਿਆਂ ਕਿਹਾ ਕਿ ਸਿੱਖ ਧਰਮ ਵਿੱਚ ਸ਼੍ਰੇਣੀ ਵੰਡ ਨੂੰ ਕੋਈ ਮਾਨਤਾ ਨਹੀਂ ਹੈ ਅਤੇ ਦਲਿਤ ਭਾਈਚਾਰਾ ਸਿੱਖ ਸਮਾਜ ਦਾ ਅਹਿਮ ਹਿੱਸਾ ਹੈ। ਜੋ ਲੋਕ ਊਚ ਨੀਚ ਦੇ ਨਾਂ ਹੇਠ ਦਲਿਤਾਂ ਨਾਲ ਵਖਰੇਵਾਂ ਕਰਦੇ ਹਨ ਉਹ ਗੁਰੂ ਦੇ ਸੱਚੇ ਸਿੱਖ ਨਹੀਂ ਹੋ ਸਕਦੇ। ਉਨ੍ਹਾਂ ਕਿਹਾ ਕਿ ਬੀਤੇ ਕੱਲ੍ਹ ਹੀ ਉਹ ਸਬੰਧਤ ਪਰਿਵਾਰ ਨੂੰ ਮਿਲ ਕੇ ਆਏ ਹਨ। ਭਾਈ ਲੌਂਗੋਵਾਲ ਨੇ ਕਿਹਾ ਕਿ ਸਿੱਖ ਧਰਮ ਭਾਈਚਾਰਕ ਸਾਂਝ ਦਾ ਹਾਮੀ ਹੈ। ਇੱਥੇ ਅਮੀਰ ਗਰੀਬ ਸਭ ਬਰਾਬਰ ਹਨ। ਗੁਰਦੁਆਰਾ ਸਾਹਿਬਾਨ ਸਭ ਦੇ ਸਾਂਝੇ ਹਨ ਤੇ ਕੋਈ ਵੀ ਆਪਣੀ ਭਾਵਨਾ ਅਨੁਸਾਰ ਗੁਰੂ ਘਰ ਅੰਦਰ ਸ੍ਰੀ ਅਖੰਡ-ਪਾਠ ਸਾਹਿਬ ਕਰਵਾ ਸਕਦਾ ਹੈ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬਾਨ ਨੇ ਲੰਗਰ ਅਤੇ ਸੰਗਤ ਦੀ ਮਰਯਾਦਾ ਹੀ ਮਨੁੱਖੀ ਵੰਡੀਆਂ ਮਿਟਾਉਣ ਵਾਸਤੇ ਕੀਤੀ ਸੀ। ਇਸ ਲਈ ਗੁਰੂ ਦੇ ਨਾਂ ਤੇ ਵੰਡੀਆਂ ਪਾਉਣ ਵਾਲੇ ਲੋਕ ਆਪਣੀ ਧਾਰਨਾ ਬਦਲਣ ਅਤੇ ਗੁਰੂ ਸਾਹਿਬ ਦੀ ਵਿਚਾਰਧਾਰਾ 'ਤੇ ਪਹਿਰਾ ਦੇਣ। ਉਨ੍ਹਾਂ ਕਿਹਾ ਕਿ ਗੁਰਦੁਆਰਾ ਕਮੇਟੀਆਂ ਨੂੰ ਖਾਸਕਰ ਇਨ੍ਹਾਂ ਗੱਲਾਂ ਤੇ ਤਵਜੋਂ ਦੇਣੀ ਚਾਹੀਦੀ ਹੈ।

ਉਨ੍ਹਾਂ ਕੈਨੇਡਾ ਅੰਦਰ ਇੱਕ ਸਿੱਖ ਨੂੰ ਦਸਤਾਰ ਉਤਾਰਨ ਲਈ ਮਜਬੂਰ ਕਰਨ ਦੀ ਨਿੰਦਾ ਕਰਦਿਆਂ ਕਿਹਾ ਕਿ ਇਸ ਮਾਮਲੇ ਦਾ ਭਾਰਤ ਸਰਕਾਰ ਨੂੰ ਨੋਟਿਸ ਲੈਣਾ ਚਾਹੀਦਾ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਇਹ ਵੀ ਕਿਹਾ ਕਿ ਉਹ ਇਹ ਮਾਮਲਾ ਭਾਰਤ ਦੀ ਵਿਦੇਸ਼ ਮੰਤਰੀ ਕੋਲ ਉਠਾਉਣਗੇ। ੨੨ ਜਨਵਰੀ

# ੧੬ ਫਰਵਰੀ ਤੋਂ ੧੫ ਮਾਰਚ ਵਿਚਲੇ ਇਤਿਹਾਸਕ ਦਿਹਾੜੇ

੧੬ ਫਰਵਰੀ ਤੋਂ ੧੫ ਮਾਰਚ ਵਿਚਲੇ ਇਤਿਹਾਸਕ ਦਿਹਾੜੇ

## ਭਾਈ ਲੌਂਗੋਵਾਲ ਨੇ ਬਾਬਾ ਕਸ਼ਮੀਰ ਸਿੰਘ ਵੱਲੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਦੀ ਕੀਤੀ ਸ਼ਲਾਘਾ

ਅੰਮ੍ਰਿਤਸਰ, – ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਜੋੜਾ ਘਰ ਦੇ ਵਿਸਥਾਰ ਤਹਿਤ ਬਣ ਰਹੀ ਨਵੀਂ ਇਮਾਰਤ ਦੀ ਪਹਿਲੀ ਮੰਜ਼ਿਲ ਦੇ ਲੈਂਟਰ ਦੀ ਕਾਰ ਸੇਵਾ ਦੀ ਆਰੰਭਤਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਅਤੇ ਸੰਤ ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਵੱਲੋਂ ਕੀਤੀ ਗਈ। ਜ਼ਿਕਰਯੋਗ ਹੈ ਕਿ ਬੀਤੀ ੫ ਜਨਵਰੀ ਨੂੰ ਇਸ ਜੋੜਾ ਘਰ ਦੀ ਜ਼ਮੀਨਦੋਜ਼ ਮੰਜ਼ਿਲ ਦਾ ਲੈਂਟਰ ਪਾਇਆ ਗਿਆ ਸੀ। ਇਸ ਮੌਕੇ ਅਨੰਦ ਸਾਹਿਬ ਦੇ ਪਾਠ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਅਰਦਾਸੀਏ ਭਾਈ ਸੁਲਤਾਨ ਸਿੰਘ ਨੇ ਅਰਦਾਸ ਕੀਤੀ। ਇਸ ਸਮੇਂ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਵਿਸ਼ਵ ਭਰ ਤੋਂ ਲੱਖਾਂ ਦੀ ਗਿਣਤੀ ਵਿਚ ਸੰਗਤਾਂ ਰੋਜ਼ਾਨਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਪੁੱਜਦੀਆਂ ਹਨ, ਇਸ ਲਈ ਸ਼੍ਰੋਮਣੀ ਕਮੇਟੀ ਵੱਲੋਂ ਮੌਜੂਦਾ ਪ੍ਰਬੰਧਾਂ ਤੇ ਸਹੂਲਤਾਂ ਦਾ ਲੋੜ ਅਨੁਸਾਰ ਵਿਸਥਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸੰਤ ਬਾਬਾ ਕਸ਼ਮੀਰ ਸਿੰਘ ਜੀ ਭੂਰੀ ਵਾਲਿਆਂ ਵੱਲੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਸ਼ਲਾਘਾਯੋਗ ਹਨ।

ਇਸ ਮੌਕੇ ਬਾਬਾ ਸੁਖਵਿੰਦਰ ਸਿੰਘ ਕਾਰ ਸੇਵਾ ਭੂਰੀ ਵਾਲੇ, ਜਨਰਲ ਸਕੱਤਰ ਸ. ਗੁਰਬਚਨ ਸਿੰਘ ਕਰਮੂੰਵਾਲਾ, ਅੰਤ੍ਰਿੰਗ ਮੈਂਬਰ ਸ਼੍ਰੋਮਣੀ ਕਮੇਟੀ ਸ. ਭਗਵੰਤ ਸਿੰਘ ਸਿਆਲਕਾ, ਸ. ਗੁਰਮੀਤ ਸਿੰਘ ਬੂਹ, ਸ. ਸੱਜਣ ਸਿੰਘ ਬੱਜੂਮਾਨ ਤੇ ਬੀਬੀ ਗੁਰਪ੍ਰੀਤ ਕੌਰ, ਮੈਂਬਰ ਭਾਈ ਮਨਜੀਤ ਸਿੰਘ, ਸ. ਬਾਵਾ ਸਿੰਘ ਗੁਮਾਨਪੁਰਾ, ਭਾਈ ਰਾਮ ਸਿੰਘ, ਸ. ਰਜਿੰਦਰ ਸਿੰਘ ਮਹਿਤਾ, ਬੀਬੀ ਜੋਗਿੰਦਰ ਕੌਰ, ਸ. ਪ੍ਰੀਤਮ ਸਿੰਘ ਮਲਸੀਆ, ਸ. ਹਰਜਾਪ ਸਿੰਘ ਸੁਲਤਾਨਵਿੰਡ, ਸ. ਸਤਪਾਲ ਸਿੰਘ ਤਲਵੰਡੀ ਭਾਈ, ਸ. ਦਰਸ਼ਨ ਸਿੰਘ ਸ਼ੇਰ ਖਾਂ, ਬਾਬਾ ਨਿਰਮਲ ਸਿੰਘ, ਸ. ਅਮਰਜੀਤ ਸਿੰਘ ਬੰਡਾਲਾ ਤੇ ਭਾਈ ਅਜਾਇਬ ਸਿੰਘ ਅਭਿਆਸੀ, ਬਾਬਾ ਅਵਤਾਰ ਸਿੰਘ ਧੱਤਲ, ਬਾਬਾ ਗੁਰਪਿੰਦਰ ਸਿੰਘ ਵਡਾਲਾ, ਬਾਬਾ ਨਾਹਰ ਸਿੰਘ, ਮਹੰਤ ਗੋਪਾਲ ਸਿੰਘ ਕੋਠਾਰੀ, ਮੁੱਖ ਸਕੱਤਰ ਡਾ. ਰੂਪ ਸਿੰਘ, ਸਕੱਤਰ ਸ. ਮਨਜੀਤ ਸਿੰਘ, ਵਧੀਕ ਸਕੱਤਰ ਸ. ਦਿਲਜੀਤ ਸਿੰਘ ਬੇਦੀ, ਸ. ਬਲਵਿੰਦਰ ਸਿੰਘ ਜੌੜਾ ਸਿੰਘਾ, ਸ. ਕੇਵਲ ਸਿੰਘ ਤੇ ਡਾ. ਪਰਮਜੀਤ ਸਿੰਘ ਸਰੋਆ, ਨਿੱਜੀ ਸਹਾਇਕ ਸ. ਜਗਜੀਤ ਸਿੰਘ ਜੱਗੀ, ਮੀਤ ਸਕੱਤਰ ਸ. ਸਤਿੰਦਰ ਸਿੰਘ, ਸਕੱਤਰ ਸਿੰਘ ਤੇ ਸ. ਬਲਵਿੰਦਰ ਸਿੰਘ ਕਾਹਲਵਾਂ, ਮੈਨੇਜਰ ਸ. ਸੁਲੱਖਣ ਸਿੰਘ, ਮੀਤ ਮੈਨੇਜਰ ਸ. ਗੁਰਪ੍ਰੀਤ ਸਿੰਘ, ਸ. ਰਾਮ ਸਿੰਘ ਭਿੰਡਰ ਸਾਬਕਾ ਮੀਤ ਸਕੱਤਰ, ਬਾਬਾ ਫਤਹਿ ਸਿੰਘ, ਬਾਬਾ ਪ੍ਰੇਮ ਸਿੰਘ, ਸ. ਅਮਰਜੀਤ ਸਿੰਘ, ਬਾਬਾ ਸ਼ਿੰਦਾ ਸਿੰਘ, ਬਾਬਾ ਨਰਿੰਦਰ ਸਿੰਘ, ਬਾਬਾ ਕਰਨ ਸਿੰਘ ਸ. ਸੇਵਾ ਸਿੰਘ ਦਿੱਲੀ, ਸ. ਦਲਜੀਤ ਸਿੰਘ ਸੁਲਤਾਨਵਿੰਡ, ਰਾਣਾ ਪਲਵਿੰਦਰ ਸਿੰਘ, ਸ. ਇੰਦਰਜੀਤ ਸਿੰਘ ਭੱਠਿਆਂ ਵਾਲਾ, ਸ. ਕੁਲਦੀਪ ਸਿੰਘ ਪੰਡੋਰੀ ਅਤੇ ਵੱਡੀ ਗਿਣਤੀ ਸੰਗਤਾ ਹਾਜ਼ਰ ਸਨ। ੨੩ ਜਨਵਰੀ

# ੧੬ ਫਰਵਰੀ ਤੋਂ ੧੫ ਮਾਰਚ ਵਿਚਲੇ ਇਤਿਹਾਸਕ ਦਿਹਾੜੇ

੧੬ ਫਰਵਰੀ ਤੋਂ ੧੫ ਮਾਰਚ ਵਿਚਲੇ ਇਤਿਹਾਸਕ ਦਿਹਾੜੇ

## ੧ ਲੱਖ, ੫੧ ਹਜ਼ਾਰ ਤੇ ੩੧ ਹਜ਼ਾਰ ਦੇ ਦਿੱਤੇ ਜਾਣਗੇ ਇਨਾਮ– ਭਾਈ ਲੌਂਗੋਵਾਲ

ਅੰਮ੍ਰਿਤਸਰ, –ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਮਤਿ ਪ੍ਰਚਾਰ ਲਹਿਰ ਨੂੰ ਪ੍ਰਚੰਡ ਕਰਨ ਸਬੰਧੀ ਵਿਚਾਰਾਂ ਕਰਨ ਲਈ ਅੱਜ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਅੰਮ੍ਰਿਤਸਰ, ਗੁਰਦਾਸਪੁਰ, ਪਠਾਨਕੋਟ, ਤਰਨਤਾਰਨ, ਜਲੰਧਰ, ਫਿਰੋਜ਼ਪੁਰ ਤੇ ਕਪੂਰਥਲਾ ਜ਼ਿਲ੍ਹਿਆਂ ਦੇ ਸ਼੍ਰੋਮਣੀ ਕਮੇਟੀ ਤੇ ਧਰਮ ਪ੍ਰਚਾਰ ਕਮੇਟੀ ਦੇ ਮੈਂਬਰਾਂ, ਪ੍ਰਚਾਰਕਾਂ,

*(ਬਾਕੀ ਪੰਨਾ ੫੧ 'ਤੇ)*

ਗੁਰਦੁਆਰਾ ਗਜ਼ਟ (੪੩) ਫੱਗਣ (ਫਰਵਰੀ 2018)



ਗੁਰਦੁਆਰਾ ਬਾਬਾ ਬੁੱਢਾ ਸਾਹਿਬ ਜੀ (ਸਮਾਧ) ਰਮਦਾਸ ਵਿਖੇ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੂੰ ਸਨਮਾਨਿਤ ਕਰਦੇ ਹੋਏ ਡਾ. ਰਤਨ ਸਿੰਘ ਅਜਨਾਲਾ ਸਾਬਕਾ ਮੈਂਬਰ ਪਾਰਲੀਮੈਂਟ, ਸ. ਅਮਰਪਾਲ ਸਿੰਘ ਅਜਨਾਲਾ, ਜਥੇਦਾਰ ਅਮਰੀਕ ਸਿੰਘ ਵਿਛੋਆ ਮੈਂਬਰ ਸ਼੍ਰੋਮਣੀ ਕਮੇਟੀ ਤੇ ਹੋਰ।



ਗੁਰਦੁਆਰਾ ਤਪ ਅਸਥਾਨ ਬਾਬਾ ਬੁੱਢਾ ਸਾਹਿਬ ਜੀ ਰਮਦਾਸ ਵਿਖੇ ਲੰਗਰ ਹਾਲ ਦੀ ਇਮਾਰਤ ਦਾ ਨੀਂਹ ਪੱਥਰ ਰੱਖਦੇ ਹੋਏ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਉਨ੍ਹਾ ਨਾਲ ਬਾਬਾ ਜਗਤਾਰ ਸਿੰਘ ਤਰਨ ਤਾਰਨ ਵਾਲੇ, ਡਾ. ਰਤਨ ਸਿੰਘ ਅਜਨਾਲਾ ਸਾਬਕਾ ਮੈਂਬਰ ਪਾਰਲੀਮੈਂਟ, ਸ. ਅਮਰਪਾਲ ਸਿੰਘ ਅਜਨਾਲਾ, ਸ਼੍ਰੋਮਣੀ ਕਮੇਟੀ ਮੈਂਬਰ ਅਮਰੀਕ ਸਿੰਘ ਵਿਛੋਆ ਤੇ ਹੋਰ।

ਗੁਰਦੁਆਰਾ ਗਜ਼ਟ (੪੪) ਫੱਗਣ (ਫਰਵਰੀ 2018)



ਸ਼੍ਰੋਮਣੀ ਕਮੇਟੀ ਦੇ ਮੁੱਖ ਦਫਤਰ ਵਿਖੇ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਸਮੇਂ ਪ੍ਰਧਾਨਗੀ ਕਰਦੇ ਹੋਏ ਭਾਈ ਗੋਬਿੰਦ ਸਿੰਘ ਲੌਂਗੋਵਾਲ, ਪ੍ਰਧਾਨ ਸ਼੍ਰੋਮਣੀ ਕਮੇਟੀ। ਮੀਟਿੰਗ 'ਚ ਸ਼ਾਮਲ ਸ. ਰਘੂਜੀਤ ਸਿੰਘ ਵਿਰਕ ਸੀਨੀਅਰ ਮੀਤ ਪ੍ਰਧਾਨ, ਸ. ਹਰਪਾਲ ਸਿੰਘ ਜੱਲ੍ਹਾ ਜੂਨੀਅਰ ਮੀਤ ਪ੍ਰਧਾਨ, ਸ. ਗੁਰਬਚਨ ਸਿੰਘ ਕਰਮੂੰਵਾਲਾ ਜਨਰਲ ਸਕੱਤਰ, ਅੰਤ੍ਰਿੰਗ ਕਮੇਟੀ ਮੈਂਬਰਾਨ ਤੇ ਸ਼੍ਰੋਮਣੀ ਕਮੇਟੀ ਅਧਿਕਾਰੀ ।



ਸ਼੍ਰੋਮਣੀ ਕਮੇਟੀ ਦੇ ਮੁੱਖ ਦਫਤਰ ਵਿਖੇ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਤੋਂ ਬਾਅਦ ਪ੍ਰੈਸ ਨਾਲ ਗੱਲਬਾਤ ਕਰਦੇ ਹੋਏ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ, ਉਨ੍ਹਾ ਨਾਲ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਸਾਹਿਬਾਨ।

ਗੁਰਦੁਆਰਾ ਗਜ਼ਟ (੪੫) ਫੱਗਣ (ਫਰਵਰੀ 2018)



ਸ਼੍ਰੋਮਣੀ ਕਮੇਟੀ ਦੇ ਸਾਬਕਾ ਮੁੱਖ ਸਕੱਤਰ ਸ. ਮਨਜੀਤ ਸਿੰਘ ਕਲਕੱਤਾ ਦੇ ਸ਼ਰਧਾਂਜਲੀ ਸਮਾਗਮ ਸਮੇਂ ਸੰਬੋਧਨ ਕਰਦੇ ਹੋਏ ਵੱਖ-ਵੱਖ ਬੁਲਾਰੇ ਅਤੇ ਅਰਦਾਸ ਵਿਚ ਸ਼ਾਮਲ ਸੰਗਤਾਂ।

ਗੁਰਦੁਆਰਾ ਗਜ਼ਟ (੪੬) ਫੱਗਣ (ਫਰਵਰੀ 2018)



ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਧਰਮ ਪ੍ਰਚਾਰ ਲਹਿਰ ਸਬੰਧੀ ਹੋਈ ਇਕੱਤਰਤਾ ਸਮੇਂ ਸੰਬੋਧਨ ਕਰਦੇ ਹੋਏ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ, ਹਾਜ਼ਰ ਸਮੂਹ ਮੈਂਬਰ ਸਾਹਿਬਾਨ ਅਤੇ ਪ੍ਰਮੁੱਖ ਸ਼ਖ਼ਸੀਅਤਾਂ।



ਗੁਰਸਿੱਖ ਜੂਡੋ ਖਿਡਾਰੀ ਕਰਮਜੋਤ ਸਿੰਘ ਨੂੰ ਸ਼੍ਰੋਮਣੀ ਗੁ: ਪ੍ਰ: ਕਮੇਟੀ ਵੱਲੋਂ 21 ਹਜ਼ਾਰ ਰੁਪਏ ਦਾ ਚੈਕ ਦਿੰਦੇ ਹੋਏ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ।

ਗੁਰਦੁਆਰਾ ਗਜ਼ਟ (੪੭) ਫੱਗਣ (ਫਰਵਰੀ 2018)



ਗੁਰਦੁਆਰਾ ਸਾਹਿਬ ਪਾਤਸ਼ਾਹੀ ਪਹਿਲੀ ਅਤੇ ਦਸਵੀਂ ਕਪਾਲ ਮੋਚਨ (ਯਮੁਨਾਨਗਰ) ਹਰਿਆਣਾ ਵਿਖੇ ਪਹੁੰਚਣ ਸਮੇਂ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨਾਲ ਸ਼੍ਰੋਮਣੀ ਕਮੇਟੀ ਮੈਂਬਰ ਅਤੇ ਪ੍ਰਮੁੱਖ ਸ਼ਖ਼ਸੀਅਤਾਂ।




ਗੁਰੂ ਗੋਬਿੰਦ ਸਿੰਘ ਕਾਲਜ ਸਰਹਾਲੀ (ਤਰਨ ਤਾਰਨ) ਵਿਖੇ ਕਨਵੋਕੇਸ਼ਨ ਮੌਕੇ ਵਿਦਿਆਰਥੀਆਂ ਨੂੰ ਡਿਗਰੀਆਂ ਵੰਡਦੇ ਹੋਏ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਤੇ ਹੋਰ।

ਗੁਰਦੁਆਰਾ ਗਜ਼ਟ (੪੮) ਫੱਗਣ (ਫਰਵਰੀ 2018)



ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿਖੇ ਧਰਮ ਪ੍ਰਚਾਰ ਲਹਿਰ ਸਬੰਧੀ ਹੋਈ ਇਕੱਤਰਤਾ ਉਪਰੰਤ
ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਪ੍ਰਧਾਨ ਸ਼੍ਰੋਮਣੀ ਕਮੇਟੀ ਭਾਈ ਗੋਬਿੰਦ ਸਿੰਘ ਲੌਂਗੋਵਾਲ ਅਤੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਸਾਹਿਬਾਨ



ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਵਿਖੇ ਜੋੜਾ ਘਰ ਦੀ ਨਵੀਂ ਇਮਾਰਤ ਦੀ ਪਹਿਲੀ ਮੰਜ਼ਿਲ ਦੇ ਲੈਂਟਰ ਦੀ ਕਾਰ ਸੇਵਾ ਆਰੰਭ ਕਰਨ ਮੌਕੇ
ਭਾਈ ਗੋਬਿੰਦ ਸਿੰਘ ਲੌਂਗੋਵਾਲ ਪ੍ਰਧਾਨ ਸ਼੍ਰੋਮਣੀ ਕਮੇਟੀ, ਸੰਤ ਬਾਬਾ ਕਸ਼ਮੀਰ ਸਿੰਘ ਭੂਰੀ ਵਾਲੇ, ਜਨਰਲ ਸਕੱਤਰ ਸ. ਗੁਰਬਚਨ ਸਿੰਘ ਕਰਮੂੰਵਾਲਾ,
ਸ਼੍ਰੋਮਣੀ ਕਮੇਟੀ ਮੈਂਬਰ ਸਾਹਿਬਾਨ ਅਤੇ ਹੋਰ ਪ੍ਰਮੁੱਖ ਸ਼ਖ਼ਸੀਅਤਾਂ।

ਗੁਰਦੁਆਰਾ ਗਜ਼ਟ (੪੯) ਫੱਗਣ (ਫਰਵਰੀ 2018)



ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਜਾਏ ਗਏ ਨਗਰ ਕੀਰਤਨ 'ਚ ਸ਼ਾਮਲ ਸ਼੍ਰੋਮਣੀ ਕਮੇਟੀ ਦੇ ਮੈਂਬਰ ਸਾਹਿਬਾਨ, ਅਧਿਕਾਰੀ ਅਤੇ ਸੰਗਤਾਂ।




ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਮੌਕੇ ਸਜਾਏ ਗੁਰਮਤਿ ਸਮਾਗਮ ਸਮੇਂ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਸ਼੍ਰੋਮਣੀ ਕਮੇਟੀ ਭਾਈ ਗੋਬਿੰਦ ਸਿੰਘ ਲੌਂਗੋਵਾਲ ਅਤੇ ਸਟੇਜ 'ਤੇ ਹਾਜ਼ਰ ਪ੍ਰਮੁੱਖ ਸ਼ਖ਼ਸੀਅਤਾਂ।

ਗੁਰਦੁਆਰਾ ਗਜ਼ਟ (੫੦) ਫੱਗਣ (ਫਰਵਰੀ 2018)



ਗੁਰਦੁਆਰਾ ਸਾਹਿਬ ਕੈਂਬੋਵਾਲ (ਲੌਂਗੋਵਾਲ) ਵਿਖੇ ਕੈਂਸਰ ਪੀੜਿਤਾਂ ਨੂੰ ਸ਼੍ਰੋਮਣੀ ਗੁ: ਪ੍ਰ: ਕਮੇਟੀ ਵੱਲੋਂ ਸਹਾਇਤਾ ਵਜੋਂ ਚੈੱਕ ਤਕਸੀਮ ਕਰਦੇ ਹੋਏ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ।



ਧਰਮ ਪ੍ਰਚਾਰ ਲਹਿਰ ਸਬੰਧੀ ਦਫਤਰ ਸ਼੍ਰੋਮਣੀ ਕਮੇਟੀ ਵਿਖੇ ਇਕੱਤਰਤਾ ਵਿਚ ਹਾਜ਼ਰ ਸ. ਗੁਰਬਚਨ ਸਿੰਘ ਕਰਮੂੰਵਾਲਾ ਜਨਰਲ ਸਕੱਤਰ, ਮੈਂਬਰ ਸ਼੍ਰੋਮਣੀ ਕਮੇਟੀ ਭਾਈ ਰਜਿੰਦਰ ਸਿੰਘ ਮਹਿਤਾ, ਭਾਈ ਅਜਾਇਬ ਸਿੰਘ ਅਭਿਆਸੀ, ਸਕੱਤਰ ਸ. ਮਨਜੀਤ ਸਿੰਘ, ਵਧੀਕ ਸਕੱਤਰ ਸ. ਦਿਲਜੀਤ ਸਿੰਘ ਬੇਦੀ, ਸ. ਬਲਵਿੰਦਰ ਸਿੰਘ ਜੌੜਾ ਸਿੰਘਾ, ਸ. ਮਹਿੰਦਰ ਸਿੰਘ ਆਹਲੀ ਤੇ ਹੋਰ ਸ਼੍ਰੋਮਣੀ ਕਮੇਟੀ ਅਧਿਕਾਰੀ ।

(ਪੰਨਾ ੪੨ ਦਾ ਬਾਕੀ)
ਧਾਰਮਿਕ ਅਧਿਆਪਕਾਂ, ਇਤਿਹਾਸਕ ਗੁਰਦੁਆਰਾ ਸਾਹਿਬਾਨ ਦੇ ਮੈਨੇਜਰਾਂ ਤੇ ਲੋਕਲ ਗੁਰਦੁਆਰਾ ਕਮੇਟੀਆਂ ਦੇ ਅਹੁਦੇਦਾਰਾਂ ਦੀ ਇੱਕ ਵਿਸ਼ੇਸ਼ ਇਕੱਤਰਤਾ ਕੀਤੀ ਗਈ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਕੱਤਰਤਾ ਦੌਰਾਨ ਵੱਖ-ਵੱਖ ਬੁਲਾਰਿਆਂ ਨੇ ਧਰਮ ਪ੍ਰਚਾਰ ਕਾਰਜਾਂ ਨੂੰ ਹੋਰ ਬਲ ਦੇਣ ਲਈ ਖੁਲ੍ਹ ਕੇ ਸੁਝਾਅ ਦਿੱਤੇ ਅਤੇ ਕਮੀਆਂ ਕਮਜ਼ੋਰੀਆਂ ਨੂੰ ਦੂਰ ਕਰਨ ਬਾਰੇ ਬੇਬਾਕ ਰਾਏ ਵੀ ਦਿੱਤੀ। ਇਸ ਸਬੰਧੀ ਵੀ ਆਮ ਰਾਏ ਸਾਹਮਣੇ ਆਈ ਕਿ ਵਰਤਮਾਨ ਤਕਨੀਕ ਦੀ ਵਰਤੋਂ ਕਰਕੇ ਧਰਮ ਪ੍ਰਚਾਰ ਕੀਤਾ ਜਾਵੇ। ਬੁਲਾਰਿਆਂ ਨੇ ਆਪਣੇ ਆਲੇ-ਦੁਆਲੇ ਤੋਂ ਧਰਮ ਪ੍ਰਚਾਰ ਦੀ ਸ਼ੁਰੂਆਤ ਕਰਨ ਦੇ ਨਾਲ-ਨਾਲ ਨੌਜੁਆਨਾਂ ਦੀਆਂ ਗੁਰਮਤਿ ਵਰਕਸ਼ਾਪਾਂ ਲਗਾਉਣ 'ਤੇ ਵੀ ਜ਼ੋਰ ਦਿੱਤਾ।

ਇਸ ਮੌਕੇ ਸੰਬੋਧਨ ਕਰਦਿਆਂ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਗੁਰੂ ਸਾਹਿਬਾਨ ਵੱਲੋਂ ਦਿੱਤੇ ਗਏ ਉਪਦੇਸ਼ ਨੂੰ ਘਰ-ਘਰ ਤੱਕ ਪਹੁੰਚਾਉਣਾ ਸਾਡਾ ਸਭ ਦਾ ਫ਼ਰਜ਼ ਹੈ ਅਤੇ ਇਸ ਕਾਰਜ ਲਈ ਸਾਨੂੰ ਆਪੋ-ਆਪਣੀ ਜ਼ਿੰਮੇਵਾਰੀ ਸੁਹਿਰਦਤਾ ਨਾਲ ਨਿਭਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬਾਨ ਦੇ ਫ਼ਲਸਫ਼ੇ ਨੂੰ ਪ੍ਰਚਾਰਨ ਲਈ ਸਮੁੱਚੀ ਕੌਮ ਸ਼੍ਰੋਮਣੀ ਕਮੇਟੀ ਵੱਲ ਦੇਖਦੀ ਹੈ ਅਤੇ ਸਾਨੂੰ ਸੰਗਤਾਂ ਦੀਆਂ ਉਮੀਦਾਂ 'ਤੇ ਖ਼ਰਾ ਉਤਰਨ ਲਈ ਸਮਰਪਣ ਭਾਵਨਾ ਨਾਲ ਵਿਚਰਨਾ ਪਵੇਗਾ। ਇਸੇ ਦੌਰਾਨ ਉਨ੍ਹਾਂ ਐਲਾਨ ਕੀਤਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਤਿੰਨ ਢਾਡੀ ਮੁਕਾਬਲਿਆਂ ਦਾ ਆਯੋਜਨ ਕੀਤਾ ਜਾਵੇਗਾ ਅਤੇ ਪਹਿਲੇ ਨੰਬਰ 'ਤੇ ਆਉਣ ਵਾਲੇ ਜਥੇ ਨੂੰ ੧ ਲੱਖ ਰੁਪਏ ਦਾ ਇਨਾਮ ਦਿੱਤਾ ਜਾਵੇਗਾ। ਇਸੇ ਤਰ੍ਹਾਂ ਦੂਸਰੇ ਸਥਾਨ 'ਤੇ ਰਹਿਣ ਵਾਲੇ ਜਥੇ ਨੂੰ ੫੧ ਹਜ਼ਾਰ ਰੁਪਏ ਅਤੇ ਤੀਸਰੇ ਸਥਾਨ 'ਤੇ ਆਉਣ ਵਾਲੇ ਨੂੰ ੩੧ ਹਜ਼ਾਰ ਰੁਪਏ ਦੇ ਇਨਾਮ ਦਿੱਤੇ ਜਾਣਗੇ। ਉਨ੍ਹਾਂ ਇਹ ਵੀ ਕਿਹਾ ਕਿ ਇਸੇ ਤਰਜ਼ 'ਤੇ ਹੀ ਕਵੀਸ਼ਰਾਂ ਅਤੇ ਪ੍ਰਚਾਰਕਾਂ ਨੂੰ ਵੀ ਸਨਮਾਨਿਤ ਕੀਤਾ ਜਾਇਆ ਕਰੇਗਾ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਪ੍ਰੇਰਨਾ ਕਰਦਿਆਂ ਕਿਹਾ ਕਿ ਸਿੱਖੀ ਦਾ ਪ੍ਰਚਾਰ ਕਰਨ ਸਮੇਂ ਪ੍ਰਚਾਰਕ ਸ਼੍ਰੇਣੀ ਸਮਾਜਿਕ ਸਮੱਸਿਆਵਾਂ ਨੂੰ ਵੀ ਪ੍ਰਚਾਰ ਦਾ ਹਿੱਸਾ ਬਣਾਏ। ਉਨ੍ਹਾਂ ਕਿਹਾ ਕਿ ਸੰਗਤਾਂ ਨੂੰ ਗੁਰਮਤਿ ਜੁਗਤਿ ਅਨੁਸਾਰ ਅਜੋਕੀਆਂ ਸਮੱਸਿਆਵਾਂ ਦੇ ਹੱਲ ਦਾ ਰਾਹ ਦਿਖਾਉਣਾ ਵੀ ਸਮੇਂ ਦੀ ਮੁੱਖ ਲੋੜ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਨੂੰ ਆਪੋ-ਆਪਣੇ ਹਲਕੇ ਵਿਚ ਪ੍ਰਚਾਰ ਵਹੀਰ ਦੀ ਅਗਵਾਈ ਕਰਨ ਲਈ ਵੀ ਕਿਹਾ ਅਤੇ ਇਹ ਵੀ ਅਪੀਲ ਕੀਤੀ ਕਿ ਪ੍ਰਚਾਰ ਸਮਾਗਮ ਉਲੀਕਣ ਸਮੇਂ ਵੀ ਉਹ ਪ੍ਰਚਾਰਕਾਂ ਦੀ ਮੱਦਦ ਕਰਨ।

ਇਕੱਤਰਤਾ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਨੇ ਸ਼੍ਰੋਮਣੀ ਕਮੇਟੀ ਵੱਲੋਂ ਗੁਰਮਤਿ ਪ੍ਰਚਾਰ ਲਈ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕਰਦਿਆਂ ਇਸ ਨੂੰ ਸਮੇਂ ਦੀ ਲੋੜ ਦੱਸਿਆ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਇਸ ਉੱਦਮ ਨਾਲ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਦਾ ਸੁਨੇਹਾ ਅਵੱਸ਼ ਹੀ ਘਰ-ਘਰ ਤੱਕ ਪਹੁੰਚੇਗਾ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਸ. ਗੁਰਬਚਨ ਸਿੰਘ ਕਰਮੂੰਵਾਲਾ, ਸੀਨੀਅਰ ਅਕਾਲੀ ਆਗੂ ਤੇ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਸੇਵਾ ਸਿੰਘ ਸੇਖਵਾਂ, ਅੰਤ੍ਰਿੰਗ ਕਮੇਟੀ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਸ. ਗੁਰਮੀਤ ਸਿੰਘ ਬੂਹ, ਬੀਬੀ ਗੁਰਪ੍ਰੀਤ ਕੌਰ, ਸ. ਅਮਰੀਕ ਸਿੰਘ ਸ਼ਾਹਪੁਰ, ਸ਼੍ਰੋਮਣੀ ਕਮੇਟੀ ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਸ. ਕੁਲਵੰਤ ਸਿੰਘ ਮੰਨਣ, ਬੀਬੀ ਕਿਰਨਜੋਤ ਕੌਰ, ਭਾਈ ਮਨਜੀਤ ਸਿੰਘ, ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਸ. ਸੁਖਵਰਸ਼ ਸਿੰਘ ਪੰਨੂੰ, ਭਾਈ ਅਜਾਇਬ ਸਿੰਘ ਅਭਿਆਸੀ, ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਤੇ ਧਰਮ ਪ੍ਰਚਾਰ ਕਮੇਟੀ ਦੇ ਐਡੀਸ਼ਨਲ ਸਕੱਤਰ ਸ. ਬਲਵਿੰਦਰ ਸਿੰਘ ਜੌੜਾਸਿੰਘਾ ਨੇ ਵੀ ਸੰਬੋਧਨ ਕੀਤਾ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਸ. ਹਰਪਾਲ ਸਿੰਘ ਜੱਲ੍ਹਾ, ਅੰਤ੍ਰਿੰਗ ਮੈਂਬਰ ਸ. ਸੱਜਣ ਸਿੰਘ ਬੱਜੂਮਾਨ, ਭਾਈ ਰਾਮ ਸਿੰਘ, ਸ. ਸੁਰਜੀਤ ਸਿੰਘ ਭਿੱਟੇਵਡ, ਸ. ਸਤਪਾਲ ਸਿੰਘ ਤਲਵੰਡੀ ਭਾਈ, ਸ. ਬਾਵਾ ਸਿੰਘ ਗੁਮਾਨਪੁਰਾ, ਸ. ਸਰਵਨ ਸਿੰਘ ਕੁਲਾਰ, ਸ. ਖੁਸ਼ਵਿੰਦਰ ਸਿੰਘ ਭਾਟੀਆ, ਸ. ਮਨਜੀਤ ਸਿੰਘ ਬੱਪੀਆਣਾ, ਸ. ਹਰਿੰਦਰ ਸਿੰਘ ਰਣੀਆ, ਸ. ਦਰਸ਼ਨ ਸਿੰਘ ਸ਼ੇਰ ਖਾਂ, ਬਾਬਾ ਨਿਰਮਲ ਸਿੰਘ ਨੌਸ਼ਿਹਰਾ ਢਾਲਾ, ਸ. ਹਰਜਾਪ ਸਿੰਘ ਸੁਲਤਾਨਵਿੰਡ, ਸ. ਗੁਰਿੰਦਰਪਾਲ ਸਿੰਘ ਗੋਰਾ, ਸ. ਅਮਰਜੀਤ ਸਿੰਘ ਬੰਡਾਲਾ, ਸ. ਬਲਵਿੰਦਰ ਸਿੰਘ ਵੇਈਂਪੂਈਂ, ਸ. ਮੰਗਵਿੰਦਰ ਸਿੰਘ ਖਾਪੜਖੇੜੀ, ਸ. ਅਮਰੀਕ ਸਿੰਘ ਵਿਛੋਆ, ਸ. ਜੋਧ ਸਿੰਘ ਸਮਰਾ, ਸ. ਸੁਰਜੀਤ ਸਿੰਘ ਤੁਗਲਵਾਲ,

ਸ. ਰਤਨ ਸਿੰਘ ਜੱਫ਼ਰਵਾਲ, ਸ. ਬਿਕਰਮ ਸਿੰਘ ਕੋਟਲਾ, ਬੀਬੀ ਬਲਵਿੰਦਰ ਕੌਰ ਲੋਪੋਕੇ, ਸ. ਅਮਰਜੀਤ ਸਿੰਘ ਭਲਾਈਪੁਰ, ਬੀਬੀ ਹਰਜਿੰਦਰ ਕੌਰ, ਬੀਬੀ ਜੋਗਿੰਦਰ ਕੌਰ, ਸ. ਰਣਜੀਤ ਸਿੰਘ ਕਾਹਲੋਂ, ਬੀਬੀ ਦਵਿੰਦਰ ਕੌਰ ਕਾਲੜਾ, ਸ. ਸ਼ਿੰਗਾਰਾ ਸਿੰਘ ਲੋਹੀਆਂ, ਸ. ਬਲਦੇਵ ਸਿੰਘ ਕਲਿਆਣ, ਸ. ਦਰਸ਼ਨ ਸਿੰਘ ਬਰਾੜ, ਸ. ਪ੍ਰੀਤਮ ਸਿੰਘ ਮਲਸੀਹਾਂ, ਸ. ਹਰਦਲਬੀਰ ਸਿੰਘ ਸ਼ਾਹ, ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ, ਸਕੱਤਰ ਸ. ਮਨਜੀਤ ਸਿੰਘ, ਸ. ਅਵਤਾਰ ਸਿੰਘ ਸੈਂਪਲਾ, ਸ. ਮਹਿੰਦਰ ਸਿੰਘ ਆਹਲੀ, ਸ. ਬਲਵਿੰਦਰ ਸਿੰਘ ਜੌੜਾਸਿੰਘਾ, ਸ. ਦਿਲਜੀਤ ਸਿੰਘ ਬੇਦੀ, ਸ. ਪ੍ਰਤਾਪ ਸਿੰਘ, ਸ. ਬਿਜੈ ਸਿੰਘ, ਸ. ਸੁਖਦੇਵ ਸਿੰਘ ਭੂਰਾਕੋਹਨਾ, ਡਾ. ਪਰਮਜੀਤ ਸਿੰਘ ਸਰੋਆ, ਸ. ਜਗਜੀਤ ਸਿੰਘ ਜੱਗੀ, ਸ. ਸਕੱਤਰ ਸਿੰਘ, ਸ. ਕੁਲਵਿੰਦਰ ਸਿੰਘ ਰਮਦਾਸ, ਸ. ਸਿਮਰਜੀਤ ਸਿੰਘ, ਸ. ਬਲਵਿੰਦਰ ਸਿੰਘ ਕਾਹਲਵਾਂ, ਸ. ਮਹਿੰਦਰ ਸਿੰਘ ਭਿੰਡੀ ਸਮੇਤ ਵੱਡੀ ਗਿਣਤੀ ਵਿਚ ਪ੍ਰਚਾਰਕ, ਢਾਡੀ, ਕਵੀਸ਼ਰ, ਮੈਨੇਜਰ ਅਤੇ ਲੋਕਲ ਗੁਰਦੁਆਰਾ ਕਮੇਟੀਆਂ ਦੇ ਅਹੁਦੇਦਾਰ ਹਾਜ਼ਰ ਸਨ। ੨੩ ਜਨਵਰੀ

## ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਤਰਜ਼ 'ਤੇ ਅਸਥਾਨ ਬਣਾਉਣ ਦਾ ਮਾਮਲਾ

## ੧੬ ਫਰਵਰੀ ਤੋਂ ੧੫ ਮਾਰਚ ਵਿਚਲੇ ਇਤਿਹਾਸਕ ਦਿਹਾੜ੍ਹੇ

